ਸ਼ੁੱਕਰਵਾਰ, 23 ਅਕਤੂਬਰ, 2026
7 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 143

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 23 OCTOBER, 2026 ਜਲੰਧਰ

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

# ਪੰਜਾਬ 'ਚ ਅਗਲੀ ਸਰਕਾਰ ਐੱਨ ਡੀ ਏ ਦੀ : ਅਮਿਤ ਸ਼ਾਹ

**ਅਕਾਲੀਆਂ ਨਾਲ ਗੱਠਜੋੜ ਦਾ ਸਪੱਸ਼ਟ ਇਸ਼ਾਰਾ**



**ਨਵੀਂ ਦਿੱਲੀ. (ਨ ਜ਼ ਸ) :** ਪੰਜਾਬ ਵਿੱਚ ਅਕਾਲੀ ਦਲ ਅਤੇ ਭਾਜਪਾ ਦੇ ਗਠਜੋੜ ਨੂੰ ਲੈ ਕੇ ਚੱਲ ਰਹੀਆਂ ਚਰਚਾਵਾਂ ਦੌਰਾਨ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਦਾਅਵਾ ਕੀਤਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਐੱਨ ਡੀ ਏ ਗਠਜੋੜ ਸਰਕਾਰ ਬਣਾਵੇਗਾ। ਅਮਿਤ ਸ਼ਾਹ ਨੇ ਇਹ ਦਾਅਵਾ ਦਿੱਲੀ ਵਿਖੇ ਇੱਕ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਉੱਤੇ ਤਿੱਖੇ ਹਮਲੇ ਕਰਦਿਆਂ ਕੀਤਾ ਹੈ। ਅਮਿਤ ਸ਼ਾਹ ਨੇ ਕਿਹਾ ਕਿ ਦੋ ਦਿਨ ਪਹਿਲਾਂ ਉਹ ਪੰਜਾਬ ਦਾ ਦੌਰਾ ਕਰਕੇ ਆਏ ਹਨ, ਜਿੱਥੇ ਆਮ ਆਦਮੀ ਪਾਰਟੀ ਦੀ ਸਰਪ੍ਰਸਤੀ ਹੇਠ ਨਸ਼ਿਆਂ ਦਾ ਕਾਰੋਬਾਰ ਵੱਡੇ ਪੱਧਰ 'ਤੇ ਚੱਲ ਰਿਹਾ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਐੱਨ ਡੀ ਏ ਗਠਜੋੜ ਸਰਕਾਰ ਬਣਾਵੇਗਾ। ਅਮਿਤ ਸ਼ਾਹ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਉੱਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਹੁਣ ਬਹਾਨੇ ਦੀ ਰਾਜਨੀਤੀ ਨਹੀਂ ਚੱਲੇਗੀ ਅਤੇ ਕਿਹਾ, "ਕੇਜਰੀਵਾਲ ਨੇ ਦਿੱਲੀ ਵਿੱਚ ਚੋਣਾਂ ਹਾਰ ਕੇ ਪੰਜਾਬ ਵਿੱਚ ਡੇਰਾ ਜਮਾ ਲਿਆ ਹੈ, ਜਿੱਥੇ ਉਹ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਕੰਮ ਨਹੀਂ ਕਰਨ ਦੇ ਰਹੇ ਅਤੇ ਪੰਜਾਬ ਦਾ ਕੰਮ ਵੀ ਵਿਗਾੜ ਕੇ ਰੱਖ ਦਿੱਤਾ ਹੈ।" ਉਨ੍ਹਾ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦਾ ਸੁਪੜਾ ਸਾਫ ਹੋਣ ਵਾਲਾ ਹੈ ਅਤੇ ਭਾਜਪਾ ਵੱਲੋਂ ਸਾਲ 2029 ਤੱਕ ਪੰਜਾਬ ਵਿੱਚੋਂ ਨਸ਼ਿਆਂ ਦਾ ਜੜ੍ਹ ਤੋਂ ਖਾਤਮਾ ਕੀਤਾ ਜਾਵੇਗਾ।

## ਪੰਜਾਬ ਦੇ ਲੋਕ ਅਕਾਲੀ-ਭਾਜਪਾ ਨੂੰ ਮੂੰਹ ਨਹੀਂ ਲਾਉਣਗੇ : ਅਮਨ ਅਰੋੜਾ



**ਚੰਡੀਗੜ੍ਹ. (ਨ ਜ਼ ਸ) :** ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਵਿੱਚ ਐੱਨ.ਡੀ.ਏ. ਦੀ ਸਰਕਾਰ ਬਣਾਉਣ ਦੇ ਦਾਅਵੇ ਨੂੰ ਲੈ ਕੇ ਕਿਹਾ ਕਿ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਕਦੇ ਵੀ ਮੂੰਹ ਨਹੀਂ ਲਾਉਣਗੇ। ਉਨ੍ਹਾ ਕਿਹਾ ਕਿ ਲੋਕਾਂ ਨੇ ਸਾਲ 2007 ਤੋਂ 2017 ਤੱਕ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਵਾਲੀ ਸਰਕਾਰ ਦਾ ਸਮਾਂ ਵੇਖ ਲਿਆ ਹੈ, ਉਸ ਦੌਰਾਨ ਪੰਜਾਬ ਵਿੱਚ ਨਸ਼ਿਆਂ ਅਤੇ ਗੈਂਗਸਟਰਾਂ ਨੇ ਤੇਜ਼ੀ ਨਾਲ ਪੈਰ ਪਸਾਰੇ ਸਨ। ਇਸ ਕਰਕੇ ਪੰਜਾਬੀ ਕਦੇ ਵੀ ਇਨ੍ਹਾਂ ਦੋਵਾਂ ਪਾਰਟੀਆਂ 'ਤੇ ਇਤਬਾਰ ਨਹੀਂ ਕਰਨਗੇ। ਗੱਠਜੋੜ ਦੀਆਂ ਚਰਚਾਵਾਂ ਦੌਰਾਨ ਅਮਿਤ ਸ਼ਾਹ ਦਾ ਦਾਅਵਾ ਭਾਜਪਾ ਤੇ ਅਕਾਲੀ ਦਲ ਵਿਚਾਲੇ ਗਠਜੋੜ ਵੱਲ ਸੰਕੇਤ ਕਰਦਾ ਹੈ। ਅਰੋੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਲੀ ਏਅਰਪੋਰਟ ਉੱਤੇ ਰੋਕਣ ਬਾਰੇ ਕਿਹਾ ਕਿ ਵਿਰੋਧੀ ਧਿਰ ਵੱਲੋਂ ਮੁੱਖ ਮੰਤਰੀ ਨੂੰ ਜਾਣ-ਬੁੱਝ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੇਕਰ ਉਨ੍ਹਾਂ ਕੋਲ ਕੋਈ ਸਬੂਤ ਹੈ ਤਾਂ ਉਹ ਜਨਤਕ ਕਰਨ।

# ਭਾਰਤ ਸਾਡੇ ਨਾਲ ਚੰਗਾ ਵਿਹਾਰ ਨਹੀਂ ਕਰ ਰਿਹਾ : ਸੋਨਮ ਵਾਂਗਚੁਕ



**ਨਵੀਂ ਦਿੱਲੀ. (ਨ ਜ਼ ਸ):** ਵਾਂਗਚੁਕ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਕੇਂਦਰ ਆਪਣੀਆਂ ਵਚਨਬੱਧਤਾਵਾਂ ਤੋਂ ਪਿੱਛੇ ਹਟ ਰਿਹਾ ਹੈ, ਜਿਸ ਵਿੱਚ ਛੇਵੀਂ ਸ਼ਡਿਊਲ ਸੁਰੱਖਿਆ ਨੂੰ ਲੱਦਾਖ ਤੱਕ ਵਧਾਉਣ ਦਾ ਪਹਿਲਾ ਵਾਅਦਾ ਵੀ ਸ਼ਾਮਲ ਹੈ। ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਨੇ ਵੀਰਵਾਰ ਨੂੰ ਕੇਂਦਰ 'ਤੇ ਲੱਦਾਖ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ 'ਭਟਕਣ' ਦਾ ਦੋਸ਼ ਲਗਾਇਆ, ਕਿਉਂਕਿ ਲੱਦਾਖ ਦੇ ਨੇਤਾ 22 ਅਕਤੂਬਰ ਨੂੰ ਹੋਣ ਵਾਲੀ ਅਗਲੇ ਦੌਰ ਦੀ ਗੱਲਬਾਤ ਲਈ ਸੱਦਾ ਆਉਣ ਦੀ ਉਡੀਕ ਕਰ ਰਹੇ ਸਨ। ਇੱਕ ਵੀਡੀਓ ਸੰਦੇਸ਼ ਵਿੱਚ ਵਾਂਗਚੁਕ ਨੇ ਕਿਹਾ ਕਿ ਪਿਛਲੇ ਹਫ਼ਤੇ ਦੀ ਬੇਸਿੱਟਾ ਗੱਲਬਾਤ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਸੰਕੇਤ ਦਿੱਤਾ ਸੀ ਕਿ ਚਰਚਾ ਦਾ ਇੱਕ ਹੋਰ ਦੌਰ 22 ਅਕਤੂਬਰ ਨੂੰ ਹੋਵੇਗਾ। ਇਸ ਲਈ ਮੈਂ ਆਪਣੀ ਟਿਕਟ ਬੁੱਕ ਕੀਤੀ, ਪਰ ਹੁਣ ਇਹ ਦੱਸਿਆ ਜਾ ਰਿਹਾ ਹੈ ਕਿ ਇਹ ਗੱਲਬਾਤ ਨਹੀਂ ਹੋ ਰਹੀ ਹੈ। ਵਾਂਗਚੁਕ ਨੇ ਕਿਹਾ ਕਿ ਉਸ ਨੂੰ ਲੱਗਦਾ ਹੈ ਕਿ ਕੇਂਦਰ ਆਪਣੀਆਂ ਵਚਨਬੱਧਤਾਵਾਂ ਤੋਂ ਪਿੱਛੇ ਹਟ ਰਿਹਾ ਹੈ। ਉਨ੍ਹਾ ਕਿਹਾ ਕਿ ਇਸ ਸਰਹੱਦੀ ਖੇਤਰ ਦੇ ਲੋਕ ਬਹੁਤ ਦੁਖੀ ਹਨ। ਇੱਕ ਪਾਸੇ ਸਾਡੇ 'ਤੇ ਚੀਨ ਦਾ ਦਬਾਅ ਪੈ ਰਿਹਾ ਹੈ, ਜੋ ਸਾਨੂੰ ਨਹੀਂ ਮੰਨਦਾ ਅਤੇ ਕਹਿੰਦਾ ਹੈ ਕਿ ਲੱਦਾਖ ਚੀਨ ਦਾ ਹਿੱਸਾ ਹੈ, ਪਰ ਭਾਰਤ, ਜਿਸ ਨਾਲ ਸਾਡਾ ਪਿਆਰ ਹੈ, ਸਾਡੇ ਨਾਲ ਚੰਗਾ ਵਿਵਹਾਰ ਨਹੀਂ ਕਰ ਰਿਹਾ। ਉਹ ਹਰ ਵਾਅਦੇ ਤੋਂ ਦੂਰ ਜਾ ਰਹੇ ਹਨ ਅਤੇ ਉਹ ਲੱਦਾਖ ਦੇ ਲੋਕਾਂ ਨੂੰ ਵੋਟ ਰਾਹੀਂ ਆਪਣੀਆਂ ਇੱਛਾਵਾਂ ਪ੍ਰਗਟ ਕਰਨ ਲਈ ਦੇਸ਼ ਦੇ ਲੋਕਾਂ ਦੇ ਬਰਾਬਰ ਦਰਜਾ ਵੀ ਨਹੀਂ ਦੇ ਰਹੇ ਹਨ। ਉਸ ਨੇ ਕਿਹਾ ਕਿ ਲੱਦਾਖ ਦੇ ਲੋਕਾਂ ਨੂੰ ਲੋਕਤੰਤਰ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਪਿਛਲੇ ਹਫ਼ਤੇ ਲੱਦਾਖ ਦੇ ਨੇਤਾਵਾਂ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਵਿਚਕਾਰ ਲੇਹ ਵਿੱਚ ਇੱਕ ਮੀਟਿੰਗ ਹੋਈ ਸੀ। ਹਾਲਾਂਕਿ ਲੇਹ ਐਪੈਕਸ ਬਾਡੀ ਅਤੇ ਕਾਰਗਿਲ ਡੈਮੋਕ੍ਰੇਟਿਕ ਅਲਾਇੰਸ ਨੇ ਕੇਂਦਰ ਦੁਆਰਾ ਪੇਸ਼ ਕੀਤੇ ਗਏ ਖਰੜੇ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਸੀ ਤੇ ਦੋਸ਼ ਲਗਾਇਆ ਕਿ ਸਰਕਾਰ ਮਈ ਵਿੱਚ ਇੱਕ ਮੀਟਿੰਗ ਦੌਰਾਨ ਦਿੱਤੇ ਗਏ ਭਰੋਸੇ ਤੋਂ ਪਿੱਛੇ ਹਟ ਗਈ ਹੈ। ਮੀਟਿੰਗ ਤੋਂ ਬਾਅਦ ਲੱਦਾਖ ਦੇ ਨੇਤਾਵਾਂ ਨੇ ਕਿਹਾ ਸੀ ਕਿ ਚਰਚਾ ਨੂੰ ਅੱਗੇ ਵਧਾਉਣ ਲਈ 22 ਅਕਤੂਬਰ ਨੂੰ ਨਵੀਂ ਦਿੱਲੀ ਵਿੱਚ ਗੱਲਬਾਤ ਦਾ ਅਗਲਾ ਦੌਰ ਹੋਵੇਗਾ। ਹਾਲਾਂਕਿ ਉਨ੍ਹਾਂ ਨੂੰ ਅਜੇ ਤੱਕ ਮੀਟਿੰਗ ਲਈ ਸੱਦਾ ਨਹੀਂ ਮਿਲਿਆ ਹੈ। ਲੱਦਾਖ ਦੀ ਨੁਮਾਇੰਦਗੀ ਕਰਨ ਵਾਲੀਆਂ ਦੋ ਸੰਸਥਾਵਾਂ ਦੁਆਰਾ ਖਰੜਾ ਪ੍ਰਸਤਾਵ ਨੂੰ ਰੱਦ ਕਰਨ ਤੋਂ ਬਾਅਦ ਕੇਂਦਰ ਸ਼ਾਸਤ ਪ੍ਰਦੇਸ਼ ਪ੍ਰਸ਼ਾਸਨ ਨੇ ਸ਼ਨੀਵਾਰ ਨੂੰ ਦੁਹਰਾਇਆ ਕਿ ਕੇਂਦਰ ਜਲਦੀ ਤੋਂ ਜਲਦੀ ਇੱਕ ਰਾਜਨੀਤਿਕ ਹੱਲ ਲੱਭਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਨਜਮੇਹ ਅਮੀਨੀ ਨੂੰ ਈਸ਼ਨਿੰਦਾ ਦੇ ਦੋਸ਼ 'ਚ ਮੌਤ ਦੀ ਸਜ਼ਾ



**ਤਹਿਰਾਨ—**'ਗਾਰਡੀਅਨ' ਦੀ ਇੱਕ ਰਿਪੋਰਟ ਅਨੁਸਾਰ 23 ਸਾਲਾ ਈਰਾਨੀ ਵਿਦਿਆਰਥਣ ਨਜਮੇਹ ਅਮੀਨੀ ਨੂੰ ਸੋਸ਼ਲ ਮੀਡੀਆ ਪੋਸਟ 'ਤੇ ਈਸ਼ਨਿੰਦਾ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਉਸ ਦੇ ਮਾਮਲੇ ਨੇ ਈਰਾਨ ਵਿੱਚ ਪ੍ਰਗਟਾਵੇ ਦੀ ਆਜ਼ਾਦੀ 'ਤੇ ਕਾਰਵਾਈ ਅਤੇ ਅਸਹਿਮਤੀ ਵਿਰੁੱਧ ਮੌਤ ਦੀ ਸਜ਼ਾ ਦੀ ਵਧਦੀ ਵਰਤੋਂ ਨੂੰ ਲੈ ਕੇ ਮਨੁੱਖੀ ਅਧਿਕਾਰ ਸਮੂਹਾਂ ਵਿੱਚ ਚਿੰਤਾਵਾਂ ਪੈਦਾ ਕੀਤੀਆਂ ਹਨ। ਅਜੇ ਅਮੀਨੀ ਦੀ ਮੌਤ ਦੀ ਸਜ਼ਾ ਅੰਤਮ ਨਹੀਂ ਹੈ ਤੇ ਇਹ ਈਰਾਨ ਦੀ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹੈ। ਉਸ ਦੇ ਪਰਵਾਰ ਦੇ ਇੱਕ ਨਜ਼ਦੀਕੀ ਨੇ ਦੱਸਿਆ ਕਿ ਉਸ ਨੂੰ ਪੈਗੰਬਰ ਮੁਹੰਮਦ ਦਾ ਅਪਮਾਨ ਕਰਨ ਦੇ ਦੋਸ਼ ਤਹਿਤ ਸਜ਼ਾ ਸੁਣਾਈ ਗਈ ਹੈ। ਸੋਸ਼ਲ ਮੀਡੀਆ ਪੋਸਟ ਦੀ ਸਮੱਗਰੀ ਜਿਸ ਕਾਰਨ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ, ਜਨਤਕ ਨਹੀਂ ਕੀਤੀ ਗਈ।

# ਮੰਗਾਂ ਮੰਨੇ ਜਾਣ ਤੱਕ ਨਹੀਂ ਹੋਵੇਗਾ ਝੋਟਾ ਦਾ ਪੋਸਟਮਾਰਟਮ



**ਮਾਨਸਾ (ਆਤਮਾ ਸਿੰਘ ਪਮਾਰ) :** ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੀ ਪਤਨੀ ਮਨਪ੍ਰੀਤ ਕੌਰ ਨੇ ਵੀਰਵਾਰ ਸ਼ਾਮ ਕਿਹਾ ਕਿ ਐਕਸ਼ਨ ਕਮੇਟੀ ਨਾਲ ਹੋਈ ਮੀਟਿੰਗ ਤੋਂ ਬਾਅਦ ਇਹ ਸਹਿਮਤੀ ਬਣੀ ਹੈ ਕਿ ਜਦੋਂ ਤੱਕ ਸਾਰੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਪਰਵਾਰ ਪੋਸਟਮਾਰਟਮ ਲਈ ਸਹਿਮਤੀ ਨਹੀਂ ਦੇਵੇਗਾ। ਪਰਵਾਰ ਦਾ ਕਹਿਣਾ ਹੈ ਕਿ ਪਹਿਲਾਂ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਜਾਣ, ਉਸ ਤੋਂ ਬਾਅਦ ਹੀ ਪੋਸਟਮਾਰਟਮ ਸੰਬੰਧੀ ਫ਼ੈਸਲਾ ਲਿਆ ਜਾਵੇਗਾ। ਇਸ ਤੋਂ ਪਹਿਲਾਂ ਦਿਨ ਵੇਲੇ ਭੀਮ ਸਿੰਘ ਨੇ ਕਿਹਾ ਸੀ ਕਿ ਸਿੱਖ ਪੰਥ ਨੇ ਪਰਵਾਰ ਨੂੰ ਸਲਾਹ ਦਿੱਤੀ ਹੈ ਕਿ ਪਹਿਲਾਂ ਆਪਣੀਆਂ ਮੰਗਾਂ ਮਨਵਾਈਆਂ ਜਾਣ ਅਤੇ ਉਸ ਤੋਂ ਬਾਅਦ ਹੀ ਪੋਸਟਮਾਰਟਮ ਲਈ ਸਹਿਮਤੀ ਦਿੱਤੀ ਜਾਵੇ। ਝੋਟੇ ਦੇ ਕਤਲ ਦਾ ਇਨਸਾਫ਼ ਮੰਗਣ ਲਈ ਚੱਲ ਰਹੇ ਪ੍ਰਦਰਸ਼ਨ ਦਾ ਵੀਰਵਾਰ ਨੂੰ 10 ਵਾਂ ਦਿਨ ਸੀ। ਪਰਵਾਰ ਦੀਆਂ ਮੁੱਖ ਮੰਗਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਡੀ ਜੀ ਪੀ ਦਾ ਅਸਤੀਫਾ, ਪੀ ਜੀ ਆਈ ਚੰਡੀਗੜ੍ਹ ਦੇ ਸੀਨੀਅਰ ਡਾਕਟਰਾਂ ਦੇ ਪੈਨਲ ਦੁਆਰਾ ਪੋਸਟਮਾਰਟਮ ਅਤੇ ਕਤਲ ਦੇ ਨਾਲ-ਨਾਲ ਨਸ਼ਾ ਤਸਕਰਾਂ, ਪੁਲਸ ਮੁਲਾਜ਼ਮਾਂ ਅਤੇ ਸਿਆਸੀ ਨੁਮਾਇੰਦਿਆਂ ਵਿਚਕਾਰ ਕਥਿਤ ਗਠਜੋੜ ਦੀ ਸੀ ਬੀ ਆਈ ਜਾਂਚ (ਜੋ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ) ਸ਼ਾਮਲ ਹੈ। ਇਸ ਤੋਂ ਇਲਾਵਾ ਹੋਰ ਮੰਗਾਂ ਵਿੱਚ ਝੋਟੇ ਦਾ ਬੁੱਤ ਲਗਾਉਣਾ , ਮਾਨਸਾ ਦੇ ਦੋ ਐੱਸ ਐੱਚ ਓ, ਡੀ ਐੱਸ ਪੀ ਅਤੇ ਡਰੱਗ ਇੰਸਪੈਕਟਰ ਨੂੰ ਬਰਖਾਸਤ ਕਰਨਾ ਅਤੇ ਪਿੰਡ ਖਿਆਲਾ ਕਲਾਂ ਵਿੱਚ ਝੋਟੇ ਦੇ ਨਾਂਅ 'ਤੇ ਇੱਕ ਟਰਾਮਾ ਸੈਂਟਰ ਸਥਾਪਤ ਕਰਨਾ ਸ਼ਾਮਲ ਹੈ।

ਇਸੇ ਦੌਰਾਨ ਝੋਟਾ ਦੇ ਨਾਲ ਜ਼ਖ਼ਮੀ ਹੋਏ ਨੌਜਵਾਨਾਂ ਦੀ ਸਹਾਇਤਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਵੱਲੋਂ ਮਾਲੀ ਸਹਾਇਤਾ ਦਿੱਤੀ ਗਈ ਹੈ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੇ • ਬਾਕੀ ਸਫਾ 2 'ਤੇ

# ਬੱਚਿਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਦੇਣਾ ਮੁੱਖ ਟੀਚਾ: ਮਾਨ



**ਚੰਡੀਗੜ੍ਹ (ਨ ਜ਼ ਸ):** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਵੱਖ-ਵੱਖ ਸਕੂਲਾਂ ਤੋਂ ਆਏ ਹੋਣਹਾਰ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾ ਇਸ ਮੁਲਾਕਾਤ ਬਾਰੇ ਸੋਸ਼ਲ ਮੀਡੀਆ ਮੰਚ ਐੱਕਸ 'ਤੇ ਸਾਂਝੀ ਕੀਤੀ ਪੋਸਟ ਵਿੱਚ ਕਿਹਾ ਕਿ ਬੱਚਿਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਅਤੇ ਉਨ੍ਹਾਂ ਦੇ ਉੱਚੇ ਸੁਪਨੇ ਦੇਖ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਬੱਚੇ ਸੂਬੇ ਦਾ ਅਸਲ ਭਵਿੱਖ ਹਨ, ਉਨ੍ਹਾਂ ਨੂੰ ਵਿਸ਼ਵ ਪੱਧਰੀ ਸਿੱਖਿਆ ਅਤੇ ਚੰਗਾ ਮਾਹੌਲ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਸਰਕਾਰ ਦਾ ਮੁੱਖ ਟੀਚਾ ਹੈ, ਤਾਂ ਜੋ ਬੱਚੇ ਪੜ੍ਹ-ਲਿਖ ਕੇ ਵੱਡੇ ਅਫ਼ਸਰ ਬਣ ਸਕਣ ਅਤੇ ਪੂਰੀ ਦੁਨੀਆ ਵਿੱਚ ਪੰਜਾਬ ਦਾ ਨਾਂਅ ਰੌਸ਼ਨ ਕਰਨ। ਭਗਵੰਤ ਮਾਨ ਨੇ ਵਿਦਿਆਰਥੀਆਂ ਨੂੰ ਮਿਹਨਤ ਨਾਲ ਪੜ੍ਹਾਈ ਕਰਨ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾ ਬੱਚਿਆਂ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੀਆਂ ਅਰਦਾਸਾਂ ਹਮੇਸ਼ਾ ਬੱਚਿਆਂ ਦੇ ਨਾਲ ਹਨ। ਮੁੱਖ ਮੰਤਰੀ ਨੇ ਆਪਣੀ ਪੋਸਟ ਵਿੱਚ ਵਿਦਿਆਰਥੀਆਂ ਦੇ ਸੁਪਨਿਆਂ ਅਤੇ ਉਨ੍ਹਾਂ ਦੇ ਭਵਿੱਖ ਨੂੰ ਮਹੱਤਵ ਦਿੰਦਿਆਂ ਸਿੱਖਿਆ ਰਾਹੀਂ ਉਨ੍ਹਾਂ ਨੂੰ ਅੱਗੇ ਵਧਣ ਦੇ ਮੌਕੇ ਦੇਣ ਦੀ ਗੱਲ ਕਹੀ।

# ਅਮਨ ਤੇ ਕਾਨੂੰਨ ਦੀ ਸਥਿਤੀ 'ਚ ਲਗਾਤਾਰ ਨਿਘਾਰ : ਪਰਗਟ



**ਚੰਡੀਗੜ੍ਹ. (ਨ ਜ਼ ਸ) :** ਪੰਜਾਬ ਕਾਂਗਰਸ ਨੇ ਵੀਰਵਾਰ ਨੂੰ ਵਿਧਾਨ ਸਭਾ ਦਾ ਇਜਲਾਸ ਸਿਰਫ ਨੌਂ ਮਿੰਟਾਂ ਵਿੱਚ ਖਤਮ ਕਰਨ ਲਈ ਸੂਬਾ ਸਰਕਾਰ ਨੂੰ ਘੇਰਿਆ ਹੈ। ਇਸ ਦੇ ਨਾਲ ਹੀ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਅਸਤੀਫ਼ੇ ਦੀ ਮੰਗ ਕੀਤੀ। ਇਸ ਬਾਰੇ ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ ਅਤੇ ਨਸ਼ਿਆਂ ਦਾ ਪਸਾਰ ਤੇਜ਼ੀ ਨਾਲ ਹੋ ਰਿਹਾ ਹੈ। ਉਨ੍ਹਾ ਕਿਹਾ ਕਿ ਇਹਨਾਂ ਹਾਲਤਾਂ ਵਿੱਚ ਸੂਬਾ ਸਰਕਾਰ ਵਿਧਾਨ ਸਭਾ ਵਿੱਚ ਚਰਚਾ ਕਰਵਾਉਣ ਦੀ ਥਾਂ ਸਿਰਫ਼ 9 ਮਿੰਟਾਂ ਵਿੱਚ ਇਜਲਾਸ ਨੂੰ ਖਤਮ ਕਰਕੇ ਭੱਜ ਗਈ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਪਾਬੰਦੀਸ਼ੁਦਾ ਗੋਲੀਆਂ ਅਤੇ ਕੈਪਸੂਲ ਸ਼ਰੇਆਮ ਵਿਕ ਰਹੇ ਹਨ ਅਤੇ ਪੁਲਸ ਵੀ ਆਮ ਆਦਮੀ ਪਾਰਟੀ ਦੇ ਵਰਕਰ ਵਾਂਗ ਕੰਮ ਕਰ ਰਹੀ ਹੈ, ਜੋ ਕਿ ਬਹੁਤ ਮਾੜੀ ਗੱਲ ਹੈ। ਇਸ ਨੂੰ ਪੰਜਾਬ ਵਾਸੀ ਬਰਦਾਸ਼ਤ ਨਹੀਂ ਕਰਨਗੇ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ। ਇਸੇ ਕਰਕੇ ਇਜਲਾਸ ਨੂੰ ਸਿਰਫ 9 ਮਿੰਟਾਂ ਵਿੱਚ ਖ਼ਤਮ ਕਰ ਦਿੱਤਾ। ਉਨ੍ਹਾ ਕਿਹਾ ਕਿ ਪੰਜਾਬ ਦਾ ਕਿਸਾਨ ਮੰਡੀਆਂ ਵਿੱਚ ਰੁਲ ਰਿਹਾ, ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਨਹੀਂ ਨਿਕਲ ਰਿਹਾ ਅਤੇ ਮਾਈਨਿੰਗ ਵੀ ਜ਼ੋਰਾਂ 'ਤੇ ਚੱਲ ਰਹੀ ਹੈ। ਬਾਜਵਾ ਨੇ ਕਿਹਾ ਕਿ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ ਮੁੱਖ ਮੰਤਰੀ, ਕੈਬਨਿਟ ਮੰਤਰੀ ਜਾਂ ਕੋਈ ਵੀ ਵਿਧਾਇਕ ਉਸ ਦੇ ਪਰਵਾਰ ਕੋਲ ਦੁੱਖ ਸਾਂਝਾ ਕਰਨ ਲਈ ਨਹੀਂ ਗਿਆ।

## ਜਲੰਧਰ ਵਿਚ ਭਲਕੇ ਅੱਧੀ ਛੁੱਟੀ

**ਜਲੰਧਰ :** ਭਗਵਾਨ ਵਾਲਮੀਕਿ ਦੇ ਪ੍ਰਕਾਸ਼ ਦਿਵਸ ਦੇ ਸੰਬੰਧ ਵਿਚ 24 ਅਕਤੂਬਰ ਨੂੰ ਜਲੰਧਰ ਦੇ ਸਕੂਲਾਂ ਅਤੇ ਕਾਲਜਾਂ ਵਿਚ ਅੱਧੇ ਦਿਨ ਦੀ ਛੁੱਟੀ ਰਹੇਗੀ। ਇਹ ਛੁੱਟੀ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ਹਿਰ ਵਿਚ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਦੇ ਮੱਦੇਨਜ਼ਰ ਕੀਤੀ ਹੈ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਇਸ ਸੰਬੰਧ ਵਿਚ ਹੁਕਮ ਜਾਰੀ ਕੀਤੇ ਹਨ। ਪ੍ਰਸ਼ਾਸਨ ਵੱਲੋਂ ਜਾਰੀ ਹੁਕਮਾਂ ਅਨੁਸਾਰ ਜਲੰਧਰ ਨਗਰ ਨਿਗਮ ਦੀ ਹੱਦ ਅੰਦਰ ਆਉਂਦੇ ਸਾਰੇ ਸਰਕਾਰੀ, ਨਿੱਜੀ ਸਕੂਲ, ਕਾਲਜ ਅਤੇ ਆਈ ਟੀ ਆਈ ਸੰਸਥਾਵਾਂ ਸ਼ਨੀਵਾਰ ਨੂੰ ਦੁਪਹਿਰ 12 ਵਜੇ ਤੋਂ ਬਾਅਦ ਬੰਦ ਰਹਿਣਗੀਆਂ।

## ਸੋਨੀਆ ਗਾਂਧੀ ਨੇ ਇੰਸਟਾਗ੍ਰਾਮ 'ਤੇ ਆਪਣੀ ਕਿਤਾਬ ਦੀ ਝਲਕ ਸਾਂਝੀ ਕੀਤੀ



**ਨਵੀਂ ਦਿੱਲੀ :** ਕਾਂਗਰਸ ਸੰਸਦੀ ਪਾਰਟੀ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਵੀਰਵਾਰ ਨੂੰ ਆਪਣੀ ਆਉਣ ਵਾਲੀ ਕਿਤਾਬ ਬਾਰੇ ਇੱਕ ਪੋਸਟ ਨਾਲ ਇੰਸਟਾਗ੍ਰਾਮ 'ਤੇ ਸ਼ੁਰੂਆਤ ਕੀਤੀ । ਇਸ ਕਿਤਾਬ ਨੂੰ ਉਨ੍ਹਾਂ ਨੇ "ਪਿਆਰ, ਫਰਜ਼, ਘਾਟੇ/ਨੁਕਸਾਨ ਅਤੇ ਆਪਣੀ ਥਾਂ ਲੱਭਣ ਦੀ ਇੱਕ ਕਹਾਣੀ" ਦੱਸਿਆ। ਸੋਸ਼ਲ ਮੀਡੀਆ ਤੋਂ ਪਿਛਲੇ ਸਾਲਾਂ ਦੌਰਾਨ ਉਨ੍ਹਾਂ ਨੇ ਦੂਰੀ ਬਣਾ ਕੇ ਰੱਖੀ ਸੀ ਅਤੇ ਕਾਂਗਰਸ ਦਾ ਐਕਸ (ਪਹਿਲਾਂ ਟਵਿੱਟਰ) ਹੈਂਡਲ ਹੀ ਉਹ ਮੰਚ ਸੀ, ਜਿਸ 'ਤੇ ਉਹ ਆਪਣੇ ਵੀਡੀਓ ਬਿਆਨ ਜਾਂ ਹੋਰ ਸੰਦੇਸ਼ ਅਤੇ ਪੱਤਰ ਜਾਰੀ ਕਰਦੇ ਸਨ। ਸੋਨੀਆ ਗਾਂਧੀ ਨੇ ਤੁਰੰਤ ਆਪਣੇ ਪੁੱਤਰ ਰਾਹੁਲ ਅਤੇ ਧੀ ਪ੍ਰਿਯੰਕਾ ਦੇ ਨਾਲ-ਨਾਲ ਪਾਰਟੀ ਦੇ ਇੰਸਟਾਗ੍ਰਾਮ ਅਕਾਊਂਟਸ ਨੂੰ ਫਾਲੋ ਕਰ ਲਿਆ ਹੈ। ਰਾਹੁਲ ਗਾਂਧੀ ਸਮੇਤ ਸਾਰੇ ਚੋਟੀ ਦੇ ਕਾਂਗਰਸੀ ਨੇਤਾ, ਜੋ ਇੰਸਟਾਗ੍ਰਾਮ 'ਤੇ ਹਨ, ਨੇ ਸਾਬਕਾ ਕਾਂਗਰਸ ਪ੍ਰਧਾਨ ਦੇ ਅਕਾਊਂਟ ਨੂੰ ਫਾਲੋ ਕਰਨਾ ਸ਼ੁਰੂ ਕਰ ਦਿੱਤਾ ਹੈ।

## 957 ਆਂਗਣਵਾੜੀ ਕੇਂਦਰਾਂ ਦੀ ਉਸਾਰੀ ਮੁਕੰਮਲ : ਬਲਜੀਤ ਕੌਰ



**ਚੰਡੀਗੜ੍ਹ (ਨ ਜ਼ ਸ) :** ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸੂਬੇ ਵਿੱਚ ਬਣਾਏ ਜਾ ਰਹੇ 1000 ਆਧੁਨਿਕ ਆਂਗਣਵਾੜੀ ਕੇਂਦਰਾਂ ਵਿੱਚੋਂ 100 ਕਰੋੜ ਰੁਪਏ ਦੀ ਲਾਗਤ ਨਾਲ 957 ਕੇਂਦਰਾਂ ਦਾ ਨਿਰਮਾਣ ਮੁਕੰਮਲ ਹੋ ਗਿਆ ਹੈ, ਜਦ ਕਿ ਬਾਕੀ ਕੇਂਦਰਾਂ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਹ ਪ੍ਰਗਟਾਵਾ ਪੰਜਾਬ ਦੀ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਉਨ੍ਹਾ ਕਿਹਾ ਕਿ ਇੰਟੀਗ੍ਰੇਟਿਡ ਚਾਈਲਡ ਡਿਵੈਲਪਮੈਂਟ ਸਰਵਿਸਿਜ਼ ਸਕੀਮ ਅਧੀਨ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਗਾਰੰਟੀ ਐਕਟ (ਮਨਰੇਗਾ) ਨਾਲ ਕਨਵਰਜੈਂਸ ਰਾਹੀਂ ਇਨ੍ਹਾਂ ਆਂਗਣਵਾੜੀ ਕੇਂਦਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ।

# ਦੇਸ਼ ਗੁੱਸੇ 'ਚ, ਅਫਵਾਹਾਂ ਨਹੀਂ ਚੱਲਣੀਆਂ : ਕਾਂਗਰਸ

**ਨਵੀਂ ਦਿੱਲੀ (ਨ ਜ਼ ਸ) :** ਕਾਂਗਰਸ ਨੇ ਵੀਰਵਾਰ ਕਿਹਾ ਕਿ ਭਾਜਪਾ ਦਾ ਇਹ ਦਾਅ ਕਿ ਕਾਂਗਰਸ 'ਸ਼ਾਸਨ ਬਦਲਣ ਦੀ ਸਾਜ਼ਿਸ਼' ਰਚ ਰਹੀ ਹੈ, ਹੁਣ ਚੱਲਣ ਵਾਲਾ ਨਹੀਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਈਕੋ-ਸਿਸਟਮ ਨਿਰਾਸ਼ਾ ਤੇ ਘਬਰਾਹਟ ਵਿੱਚ ਲੋਕਾਂ ਦਾ ਧਿਆਨ ਭਟਕਾਉਣ ਅਤੇ ਝੂਠ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਸਫਲ ਨਹੀਂ ਹੋਵੇਗਾ। ਕਾਂਗਰਸ ਨੇ ਇਹ ਹਮਲਾ ਉਦੋਂ ਕੀਤਾ ਹੈ, ਜਦੋਂ ਭਾਜਪਾ ਨੇ ਫਰਾਂਸ ਵਿੱਚ ਹੋਏ ਦੰਗਿਆਂ ਅਤੇ ਭਾਰਤ ਵਿੱਚ ਹਾਲ ਹੀ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਕਥਿਤ ਸੰਬੰਧਾਂ ਬਾਰੇ ਇੱਕ ਮੀਡੀਆ ਰਿਪੋਰਟ ਦਾ ਹਵਾਲਾ ਦੇ ਕੇ ਦਾਅਵਾ ਕੀਤਾ ਹੈ ਕਿ ਇਸ ਨੇ ਅਪੋਜ਼ੀਸ਼ਨ ਪਾਰਟੀ ਦੀ ਅਰਾਜਕਤਾ ਅਤੇ ਸ਼ਾਸਨ ਤਬਦੀਲੀ ਦੀ ਸਾਜ਼ਿਸ਼ ਦਾ ਪਰਦਾ ਫਾਸ਼ ਕੀਤਾ ਹੈ। ਉਸ ਨੇ ਰਾਹੁਲ ਗਾਂਧੀ ਨੂੰ ਗ਼ੱਦਾਰ (ਦੇਸ਼ਧ੍ਰੋਹੀ) ਵੀ ਦੱਸਿਆ ਹੈ। 'ਦੀ ਟਾਈਮਜ਼ ਆਫ ਇੰਡੀਆ' ਵਿੱਚ ਪ੍ਰਕਾਸ਼ਤ ਇੱਕ ਰਿਪੋਰਟ ਮੁਤਾਬਕ ਫੌਕਸ ਨਿਊਜ਼ ਦੀ ਇੱਕ ਡਿਜੀਟਲ ਜਾਂਚ ਵਿੱਚ ਫਰਾਂਸ ਵਿੱਚ ਹੋਏ ਦੰਗਿਆਂ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫੇ ਦੀ ਮੰਗ ਕਰਦੇ ਹੋਏ ਭਾਰਤ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਸੰਬੰਧਾਂ ਦਾ ਖੁਲਾਸਾ ਹੋਣ ਦਾ ਦਾਅਵਾ ਕੀਤਾ ਗਿਆ ਹੈ। ਭਾਜਪਾ 'ਤੇ ਜਵਾਬੀ ਹਮਲਾ ਕਰਦੇ ਹੋਏ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਵੋਟ ਚੋਰੀ ਇੱਕ ਪ੍ਰਮਾਣਿਤ ਹਕੀਕਤ ਹੈ। ਚੋਣ ਕਮਿਸ਼ਨ ਦੇ ਆਪਣੇ ਅੰਕੜਿਆਂ ਅਨੁਸਾਰ 10 ਕਰੋੜ ਤੋਂ ਵੱਧ ਭਾਰਤੀਆਂ ਨੂੰ ਵੋਟ ਪਾਉਣ ਦਾ ਆਪਣਾ ਸੰਵਿਧਾਨਕ ਅਧਿਕਾਰ ਗੁਆਉਣ ਦਾ ਖਤਰਾ ਹੈ। ਚੋਣ ਕਮਿਸ਼ਨ ਨੇ ਨਵੇਂ ਵੋਟਰਾਂ ਲਈ ਰੁਕਾਵਟਾਂ ਪੈਦਾ ਕਰਨ ਲਈ ਫਾਰਮ 6 ਵਿੱਚ ਗੈਰ-ਕਾਨੂੰਨੀ ਤੌਰ 'ਤੇ ਤਬਦੀਲੀ ਕੀਤੀ। ਇਸ ਨੇ ਮਿੱਥੇ ਵੋਟਰਾਂ ਦੇ ਨਾਂਅ ਕਟਾਉਣ ਲਈ ਫਾਰਮ 7 ਦੀ ਵਿਆਪਕ ਦੁਰਵਰਤੋਂ ਨੂੰ ਆਸਾਨ ਬਣਾਇਆ। ਚੋਣ ਕਮਿਸ਼ਨ ਨੇ ਸਾਰੇ ਕਾਨੂੰਨੀ ਸੁਰੱਖਿਆ ਉਪਾਵਾਂ ਨੂੰ ਛਿੱਕੇ ਟੰਗ ਕੇ ਵੋਟਰ ਸੂਚੀ ਦੇ ਨਿਯੰਤਰਣ ਦਾ ਕੇਂਦਰੀਕਰਨ ਲਈ ਈ ਸੀ ਆਈ ਨੈੱਟ ਦੀ ਵਰਤੋਂ ਕੀਤੀ। ਦੇਸ਼ ਗੁੱਸੇ ਵਿੱਚ ਹੈ। ਵਿਆਪਕ ਗੁੱਸਾ ਹੈ। ਦਮਨ ਦੇ ਬਾਵਜੂਦ ਵਿਰੋਧ ਪ੍ਰਦਰਸ਼ਨ ਜਾਰੀ ਹਨ। ਪ੍ਰਧਾਨ ਮੰਤਰੀ ਦਾ ਈਕੋ-ਸਿਸਟਮ ਆਪਣੀ ਨਿਰਾਸ਼ਾ ਅਤੇ ਘਬਰਾਹਟ ਵਿੱਚ ਹੁਣ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਈਕੋ-ਸਿਸਟਮ ਉਹ ਕਰ ਰਿਹਾ ਹੈ, ਜੋ ਇਸ ਦੇ ਡੀ ਐੱਨ ਏ ਵਿੱਚ ਹੈ— ਝੂਠ ਫੈਲਾ ਰਿਹਾ ਹੈ। ਇਹ ਸਫਲ ਨਹੀਂ ਹੋਵੇਗਾ। ਕਾਂਗਰਸ ਨੇਤਾ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਜੋੜੀ ਬੁਰੀ ਤਰ੍ਹਾਂ ਬੇਨਕਾਬ ਹੋ ਗਈ ਹੈ ਅਤੇ ਲੋਕਾਂ ਵੱਲੋਂ ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ। • ਬਾਕੀ ਸਫਾ 2 'ਤੇ

## ਲੁਧਿਆਣਾ 'ਚ 'ਪਡਤ ਛੋਲੇ-ਕੁਲਚੇ' ਵਾਲੇ ਦੇ ਪੁੱਤਰ ਦੀ ਗੋਲੀ ਮਾਰ ਕੇ ਹੱਤਿਆ



**ਲੁਧਿਆਣਾ. (ਨ ਜ਼ ਸ) :** ਲੁਧਿਆਣਾ ਦੇ ਦਾਦ ਇਲਾਕੇ ਵਿੱਚ ਇੱਕ ਜਨਮ ਦਿਨ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ ਰਾਹੁਲ ਸ਼ਰਮਾ ਨਾਮਕ ਨੌਜਵਾਨ ਨੂੰ ਦੋ ਗੋਲੀਆਂ ਲੱਗੀਆਂ, ਜਿਸ ਦੀ ਬਾਅਦ ਵਿੱਚ ਡੀ.ਐੱਮ.ਸੀ. ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਜਨਮ ਦਿਨ ਦੀ ਇਹ ਪਾਰਟੀ ਮੁੱਖ ਮੁਲਜ਼ਮ ਅਖਿਲ ਜੋਸ਼ੀ ਵੱਲੋਂ ਰੱਖੀ ਗਈ ਸੀ। ਪਾਰਟੀ ਦੌਰਾਨ ਕਿਸੇ ਗੱਲ ਨੂੰ ਲੈ ਕੇ ਦੋਸਤਾਂ ਵਿੱਚ ਬਹਿਸ ਹੋ ਗਈ, ਜਿਸ ਨਾਲ ਤਕਰਾਰ ਵਧ ਗਈ। ਇਸ ਦੌਰਾਨ ਅਖਿਲ ਜੋਸ਼ੀ ਅਤੇ ਗਗਨਦੀਪ ਨੇ ਪਿਸਤੌਲ ਕੱਢ ਕੇ ਗੋਲੀ ਚਲਾ ਦਿੱਤੀ, ਜਦ ਕਿ ਪਰਮ ਅਤੇ ਕੁਝ ਹੋਰ ਅਣਪਛਾਤੇ ਵਿਅਕਤੀਆਂ ਨੇ ਵੀ ਉਸ ਉੱਤੇ ਹਮਲਾ ਕੀਤਾ। ਮ੍ਰਿਤਕ 34 ਸਾਲਾ ਰਾਹੁਲ, ਲੁਧਿਆਣਾ ਵਿੱਚ 'ਪੰਡਿਤ ਛੋਲੇ ਕੁਲਚੇ' ਦੇ ਨਾਂਅ ਨਾਲ ਮਸ਼ਹੂਰ ਵਿਕਰੇਤਾ ਕੁਲਦੀਪ ਸ਼ਰਮਾ ਦਾ ਪੁੱਤਰ ਸੀ। ਉਸ ਦੇ ਪਿਤਾ ਸਿਮਟਰੀ ਰੋਡ ਉੱਤੇ ਰੇਹੜੀ ਲਗਾਉਂਦੇ ਹਨ ਅਤੇ ਰਾਹੁਲ ਰੋਜ਼ ਇਨਕਲੇਵ ਸਿਵਲ ਲਾਈਨਜ਼ ਦਾ ਰਹਿਣ ਵਾਲਾ ਸੀ। ਇਹ ਘਟਨਾ ਰਾਤ ਕਰੀਬ 1 ਵਜੇ ਵਾਪਰੀ।

## ਹਾਰਮੁਜ਼ 'ਚ 7 ਤੇਲ ਟੈਂਕਰਾਂ 'ਤੇ ਹਮਲਾ

**ਤਹਿਰਾਨ :** ਈਰਾਨੀ ਸਰਕਾਰੀ ਟੈਲੀਵਿਜ਼ਨ ਨੇ ਆਈ ਆਰ ਜੀ ਸੀ ਜਲ ਸੈਨਾ ਦਾ ਹਵਾਲਾ ਦਿੰਦੇ ਹੋਏ ਸਮੁੰਦਰੀ ਜਹਾਜ਼ਾਂ 'ਤੇ ਹੋਏ ਤਾਜ਼ਾ ਹਮਲਿਆਂ ਦੀ ਰਿਪੋਰਟ ਦਿੱਤੀ ਹੈ। ਰਿਪੋਰਟ ਅਨੁਸਾਰ ਈਰਾਨ ਦੁਆਰਾ ਹਮਲਾ ਕੀਤੇ ਜਾਣ ਜਾਂ ਜਲ ਸੈਨਾ ਦੀਆਂ ਖਾਣਾਂ ਨਾਲ ਟਕਰਾਉਣ ਤੋਂ ਬਾਅਦ ਲੰਘੀ ਰਾਤ ਹੋਰਮੁਜ਼ ਸਟਰੇਟ ਵਿੱਚ 7 ਤੇਲ ਟੈਂਕਰਾਂ ਨੂੰ ਅੱਗ ਲੱਗ ਗਈ ਜਾਂ ਨੁਕਸਾਨ ਪਹੁੰਚਿਆ। ਤਹਿਰਾਨ ਨੇ ਵੀਰਵਾਰ ਨੂੰ ਕਿਹਾ ਕਿ ਰਿਪੋਰਟ ਕੀਤੀਆਂ ਗਈਆਂ ਘਟਨਾਵਾਂ ਪੂਰੀ ਜੰਗ ਵਾਪਸੀ ਦੇ ਵਧ ਰਹੇ ਡਰ ਨੂੰ ਉਜਾਗਰ ਕਰਦੀਆਂ ਹਨ। ਫੋਰਸ ਨੇ ਫਿਰ ਧਮਕੀ ਦਿੱਤੀ ਕਿ ਜੇਕਰ ਵਾਸ਼ਿੰਗਟਨ ਵਪਾਰਕ ਜਹਾਜ਼ਾਂ ਨੂੰ ਜਲਡਮਰੂ ਵਿੱਚ ਨੈਵੀਗੇਟ ਕਰਨ ਵਿੱਚ ਮਦਦ ਕਰਨਾ ਜਾਰੀ ਰੱਖਦਾ ਹੈ ਤਾਂ ਉਹ ਖੇਤਰ ਵਿੱਚ ਅਮਰੀਕੀ ਫੌਜੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਏਗਾ। ਰਿਪੋਰਟ ਵਿੱਚ ਕਿਸੇ ਵੀ ਜਾਨੀ ਨੁਕਸਾਨ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਭਾਰਤ ਔਖੇ ਸਮੇਂ ਦੌਰਾਨ ਤੇਲ ਟੈਂਕਰਾਂ ਨੂੰ ਲਿਜਾਣ ਲਈ ਹਾਰਮੁਜ਼ ਰੂਟ ਦੀ ਵਰਤੋਂ ਕਰਨ ਵਾਲੇ ਚੋਟੀ ਦੇ ਦੇਸ਼ਾਂ ਵਿੱਚ ਸ਼ਾਮਲ ਹੈ, ਜਿਸ ਕਾਰਨ ਨਵੀਂ ਦਿੱਲੀ ਲਈ ਵੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਜ਼ਰਾਈਲ ਦੀਆਂ ਚੋਣਾਂ 'ਚ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਸੱਤਾ ਗੁਆਉਣ ਦੀ ਸੰਭਾਵਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਗਲੇ ਮਹੀਨੇ ਹੋਣ ਵਾਲੀਆਂ ਅਮਰੀਕੀ ਮੱਧਕਾਲੀ ਚੋਣਾਂ ਤੋਂ ਪਹਿਲਾਂ ਜੰਗ ਨਾਲ ਸੰਬੰਧਤ ਕੀਮਤਾਂ ਵਿੱਚ ਵਾਧੇ ਨੇ ਵੋਟਰਾਂ ਦੇ ਗੁੱਸੇ ਨੂੰ ਭੜਕਾਇਆ ਹੈ।

# 'ਆਸਟ੍ਰੇਲੀਆ 'ਚ ਸਿੱਖ ਇਤਿਹਾਸ ਦੇ ਸੁਨਹਿਰੀ ਪੰਨੇ' ਦੀ ਘੁੰਡ ਚੁਕਾਈ





**ਸਿਡਨੀ :** ਆਸਟਰੇਲੀਆ ਵਿੱਚ ਸਿੱਖ ਧਰਮ ਦੀਆਂ ਮੁੱਢਲੀਆਂ ਪੈੜਾਂ ਬਾਰੇ ਇੱਕ ਇਤਿਹਾਸਕ ਪੁਸਤਕ ਸ਼ਿਵਾ ਸਿੰਘ ਦੇ ਜੀਵਨ ਰਾਹੀਂ ਦਿਲਚਸਪ ਜਾਣਕਾਰੀ ਪੇਸ਼ ਕਰਦੀ ਹੈ। ਸ਼ਿਵਾ ਸਿੰਘ 1897 ਤੋਂ 1955 ਤੱਕ ਆਸਟਰੇਲੀਆ ਦੇ ਵਿਕਟੋਰੀਆ ਰਾਜ ਦੇ ਬੇਨਾਲਾ ਇਲਾਕੇ ਵਿੱਚ ਰਹੇ। ਉਹ ਫੇਰੀ ਲਗਾ ਕੇ ਆਪਣਾ ਗੁਜ਼ਾਰਾ ਕਰਦੇ ਸਨ। ਉਨ੍ਹਾਂ ਬਾਰੇ ਇਹ ਖੋਜ ਕਿਤਾਬ ਆਸਟਰੇਲੀਅਨ ਇੰਡੀਅਨ ਹਿਸਟਰੀ ਸੋਸਾਇਟੀ ਦੇ ਬਾਨੀ ਖੋਜੀ ਲੇਖਕ ਲੈਨ ਕੇਨਾ ਤੇ ਕ੍ਰਿਸਟਲ ਜੋਰਡਨ ਨੇ ਪਾਠਕਾਂ ਦੀ ਝੋਲੀ ਵਿੱਚ ਪਾਈ ਹੈ। ਪੁਸਤਕ ਅਨੁਸਾਰ, 1920 ਤੋਂ 1943 ਦਾ ਸਮਾਂ ਆਸਟਰੇਲੀਆ ਦੇ ਸਿੱਖ ਇਤਿਹਾਸ ਲਈ ਬੇਹੱਦ ਮਹੱਤਵਪੂਰਨ ਸੀ। ਇਸ ਦੌਰਾਨ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਆਸਟਰੇਲੀਆ ਲਿਆਂਦਾ ਗਿਆ। ਪਹਿਲੇ ਅਖੰਡ ਪਾਠ ਸਾਹਿਬ ਦਾ ਪ੍ਰਕਾਸ਼ ਅਤੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਦਾ ਇਤਿਹਾਸ ਵੀ ਇਸ ਵਿੱਚ ਦਰਜ ਹੈ। ਇਹ ਪੁਸਤਕ ਬੇਨਾਲਾ ਵਿੱਚ ਭਾਰਤੀ ਭਾਈਚਾਰੇ ਦੇ ਉਭਾਰ ਅਤੇ ਨਿਘਾਰ ਦੇ ਨਾਲ-ਨਾਲ ਨਸਲੀ ਵਿਤਕਰੇ ਤੋਂ ਬਹੁ-ਸੱਭਿਆਚਾਰਕ ਸਮਾਜ ਤੱਕ ਦੇ ਸਫ਼ਰ ਨੂੰ ਵੀ ਉਜਾਗਰ ਕਰਦੀ ਹੈ। ਸ਼ਿਵਾ ਸਿੰਘ ਦੀ ਵੈਗਨ ਰੇੜੀ, ਜੋ ਖਸਤਾ ਹਾਲਤ ਵਿੱਚ ਲੱਭੀ ਸੀ, ਦੀ ਸਾਂਭ-ਸੰਭਾਲ ਕਰਕੇ ਅਜਾਇਬ ਘਰ ਵਿੱਚ ਰੱਖੀ ਗਈ ਹੈ। ਇਸ ਵੈਗਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਸ਼ੋਭਿਤ ਕਰਕੇ ਉਹ ਪਾਠ ਲਈ ਇੱਕ ਤੋਂ ਦੂਜੇ ਸਥਾਨ 'ਤੇ ਜਾਣ ਲਈ ਆਵਾਜਾਈ ਦੇ ਸਾਧਨ ਵਜੋਂ ਵਰਤਦੇ ਸਨ। ਪੁਸਤਕ ਦੇ ਮੁੱਖ ਪੰਨੇ ਉਤੇ ਸ਼ਿਵਾ ਸਿੰਘ ਦੀ ਇਤਿਹਾਸਕ ਤਸਵੀਰ ਹੈ, ਜਿਸ ਵਿੱਚ ਉਹ ਮੈਕਮੋਨੀਗਲ ਫਾਰਮ ਵਿਖੇ ਕੁਰਸੀ ਉੱਤੇ ਬੈਠੇ ਅਖ਼ਬਾਰ ਪੜ੍ਹਦੇ ਨਜ਼ਰ ਆਉਂਦੇ ਹਨ। ਕਿਤਾਬ ਦੀ ਘੁੰਡ-ਚੁਕਾਈ ਮੌਕੇ ਬੇਨਾਲਾ ਦੇ ਮੇਅਰ ਨੇ ਕਿਹਾ ਕਿ ਅਸੀਂ ਇਤਿਹਾਸ ਨੂੰ ਹੋਰ ਜਾਣ ਕੇ ਮਾਣਮੱਤੇ ਹੋ ਰਹੇ ਹਾਂ। ਬਜ਼ੁਰਗ ਖੋਜੀ ਲੇਖਕ ਜੋੜਾ ਉਮਰ ਦੇ ਆਖ਼ਰੀ ਪੜਾਅ ਵਿੱਚ ਹੈ ਅਤੇ ਉਹ ਆਸਟਰੇਲੀਆ ਵਿੱਚ ਘੱਟ ਗਿਣਤੀ ਵਿੱਚ ਵੱਸਦੇ ਭਾਰਤੀਆਂ ਦੇ ਸਫ਼ਰ ਦੀਆਂ ਪੈੜਾਂ ਲੱਭ ਰਿਹਾ ਹੈ। ਉਨ੍ਹਾਂ ਨੇ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਹਨ। ਇਸ ਮੌਕੇ ਲੇਖਕ ਲੈਨ ਨੇ ਕਿਹਾ ਕਿ ਭਾਈਚਾਰੇ ਦੀਆਂ ਮੁੱਢਲੀਆਂ ਔਕੜਾਂ, ਗਤੀਵਿਧੀਆਂ ਅਤੇ ਰੀਤੀ-ਰਿਵਾਜਾਂ ਦੀਆਂ ਤੰਦਾਂ ਜੋੜਨਾ ਅਹਿਮ ਕਾਰਜ ਹੈ।

## ਅੱਜ-ਨਾਮਾ

ਬਹੁਤੇ ਸੋਚਣ ਵਿਚਾਰਨ ਦੀ ਲੋੜ ਨਾਹੀਂ,
ਮੋੜਵੇਂ ਵਾਰ ਹੀ ਕਰੀ ਜਾਉ ਝੱਟ ਬੇਲੀ।
ਜਿਹੜੀ ਊਜ ਕੋਈ ਲੱਭਦੀ, ਲਾਈ ਜਾਉ,
ਸੱਚੀ-ਝੂਠੀ ਸਭ ਮਾਰ ਦਿਉ ਸੱਟ ਬੇਲੀ।
ਸਬਸਿਡੀ ਦੇਣੀ ਜਾਂ ਕਿਸੇ ਤੋਂ ਵੱਧ ਦੇਣੀ,
ਜਾਂ ਫਿਰ ਦੇਵਣੀ ਪਹਿਲੀ ਵੀ ਕੱਟ ਬੇਲੀ।
ਰਾਜਨੀਤੀ ਵਿੱਚ ਕਿੱਧਰ ਦੀ ਕਿਸੇ ਜਾਣਾ,
ਰਿਹਾ ਸਿਧਾਂਤ ਵਿਚਾਲੇ ਨਹੀਂ ਵੱਟ ਬੇਲੀ।
ਚੋਣ ਆ ਅੱਗੇ ਪੰਜਾਬ ਵਿੱਚ ਖੜੀ ਆਈ,
ਅਖਾੜਾ ਓਪਨ ਵੀ ਜਾਣਾ ਹੈ ਖੁੱਲ੍ਹ ਬੇਲੀ।
ਵੇਖਣੇ ਨੀਤੀ-ਨਿਸ਼ਾਨ ਕੁਝ ਕਿਸੇ ਨਾਹੀਂ,
ਵੇਖਣਾ ਵੋਟਾਂ ਦੀ ਤਾਕਤ ਦਾ ਮੁੱਲ ਬੇਲੀ।

-ਤੀਸ ਮਾਰ ਖਾਂ

# ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਘੋਲ ਤੇਜ਼ ਕੀਤਾ ਜਾਵੇਗਾ : ਜਗਰੂਪ, ਜਗਸੀਰ ਖੋਸਾ

**200 ਦਿਨ ਕੰਮ, 1000 ਰੁਪਏ ਦਿਹਾੜੀ ਤੇ ਬੇਰੁਜ਼ਗਾਰੀ ਭੱਤੇ ਦੀ ਪ੍ਰਾਪਤੀ ਲਈ ਸੰਘਰਸ਼ ਵਿੱਢਣ ਦਾ ਫ਼ੈਸਲਾ**



**ਮੋਗਾ (ਇਕਬਾਲ ਸਿੰਘ ਖਹਿਰਾ) :** ਨਰੇਗਾ/ਗ੍ਰਾਮ ਜੀ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾ ਕੌਂਸਲ ਦੀ ਮੀਟਿੰਗ ਸਥਾਨਕ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ, ਮੋਗਾ ਵਿਖੇ ਯੂਨੀਅਨ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਪਹੁੰਚੇ ਆਗੂਆਂ ਅਤੇ ਸਾਥੀਆਂ ਨੇ ਨਰੇਗਾ ਮਜ਼ਦੂਰਾਂ ਨੂੰ ਦਰਪੇਸ਼ ਮੁਸ਼ਕਲਾਂ, ਉਨ੍ਹਾਂ ਦੇ ਹੱਲ, ਮਜ਼ਦੂਰਾਂ ਦੀਆਂ ਹੱਕੀ ਮੰਗਾਂ ਅਤੇ ਆਉਣ ਵਾਲੇ ਸੰਘਰਸ਼ਮਈ ਪ੍ਰੋਗਰਾਮਾਂ ਬਾਰੇ ਵਿਸਥਾਰਪੂਰਵਕ ਵਿਚਾਰ-ਚਰਚਾ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਅਤੇ ਜਨਰਲ ਸਕੱਤਰ ਜਗਸੀਰ ਖੋਸਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨਰੇਗਾ ਮਜ਼ਦੂਰਾਂ ਪ੍ਰਤੀ ਬੇਰੁਖ਼ੀ ਵਾਲਾ ਰਵੱਈਆ ਅਪਣਾ ਰਹੀਆਂ ਹਨ, ਜਿਸ ਕਾਰਨ ਮਜ਼ਦੂਰਾਂ ਨੂੰ ਆਪਣੇ ਕਾਨੂੰਨੀ ਹੱਕਾਂ ਤੋਂ ਵਾਂਝੇ ਰਹਿਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਨਰੇਗਾ ਅਤੇ ਹੁਣ ਗ੍ਰਾਮ ਜੀ ਤਹਿਤ ਰੁਜ਼ਗਾਰ ਦੀ ਗਾਰੰਟੀ ਦੇ ਦਾਅਵਿਆਂ ਦੇ ਬਾਵਜੂਦ ਮਜ਼ਦੂਰਾਂ ਨੂੰ ਲੋੜ ਅਨੁਸਾਰ ਪੂਰਾ ਕੰਮ ਨਹੀਂ ਮਿਲ ਰਿਹਾ। ਕੰਮ ਦੀ ਮੰਗ ਕਰਨ ਦੇ ਬਾਵਜੂਦ ਕੰਮ ਨਾ ਮਿਲਣਾ ਅਤੇ ਮਿਹਨਤ ਦੇ ਪੂਰੇ ਹੱਕ ਨਾ ਮਿਲਣਾ ਮਜ਼ਦੂਰਾਂ ਨਾਲ ਬੇਇਨਸਾਫ਼ੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਿਰਤੀ ਲੋਕਾਂ ਨੂੰ ਆਪਣੀ ਜ਼ਿੰਦਗੀ ਵਿੱਚ ਬੁਨਿਆਦੀ ਤਬਦੀਲੀ ਲਿਆਉਣ ਲਈ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਸੰਘਰਸ਼ ਦੇ ਰਾਹ 'ਤੇ ਅੱਗੇ ਵਧਣਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਮਿਊਨਿਸਟ ਵਿਚਾਰਧਾਰਾ ਮਿਹਨਤਕਸ਼ ਲੋਕਾਂ ਦੀ ਮੁਕਤੀ ਅਤੇ ਬਰਾਬਰੀ 'ਤੇ ਆਧਾਰਤ ਸਮਾਜ ਦੀ ਸਿਰਜਣਾ ਦਾ ਰਾਹ ਦਿਖਾਉਂਦੀ ਹੈ। ਮਜ਼ਦੂਰਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਜਥੇਬੰਦ ਹੋ ਕੇ ਸੰਘਰਸ਼ ਕਰਨਾ ਪਵੇਗਾ ।ਮੀਟਿੰਗ ਵਿੱਚ ਅਲੀਸ਼ੇਰ (ਲਹਿਰਾਗਾਗਾ) ਵਿਖੇ ਕੰਮ ਦੌਰਾਨ ਵਾਪਰੇ ਹਾਦਸੇ ਵਿੱਚ ਮਾਰੇ ਗਏ ਨੌਂ ਮਜ਼ਦੂਰਾਂ ਅਤੇ ਜ਼ਖ਼ਮੀ ਮਜ਼ਦੂਰਾਂ ਸੰਬੰਧੀ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਨੇ ਪੀੜਤ ਪਰਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਕਰਨ ਦਾ ਅਹਿਦ ਕੀਤਾ। ਆਗੂਆਂ ਮੰਗ ਕੀਤੀ ਕਿ ਹਾਦਸੇ ਵਿੱਚ ਮਾਰੇ ਗਏ ਮਜ਼ਦੂਰਾਂ ਦੇ ਵਾਰਸਾਂ ਨੂੰ 20-20 ਲੱਖ ਰੁਪਏ ਮੁਆਵਜ਼ਾ ਅਤੇ ਜ਼ਖ਼ਮੀ ਮਜ਼ਦੂਰਾਂ ਸਮੇਤ ਸਾਰੇ ਪ੍ਰਭਾਵਤ ਪਰਵਾਰਾਂ ਨੂੰ 10-10 ਲੱਖ ਰੁਪਏ ਦੀ ਤੁਰੰਤ ਵਿੱਤੀ ਸਹਾਇਤਾ ਦਿੱਤੀ ਜਾਵੇ। ਇਸ ਤੋਂ ਇਲਾਵਾ ਹਰ ਮ੍ਰਿਤਕ ਮਜ਼ਦੂਰ ਦੇ ਪਰਵਾਰ ਵਿੱਚੋਂ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਨਰੇਗਾ/ਗ੍ਰਾਮ ਜੀ ਤਹਿਤ ਸਾਲ ਵਿੱਚ 200 ਦਿਨ ਕੰਮ ਦੀ ਗਾਰੰਟੀ, ਦਿਹਾੜੀ 1000 ਰੁਪਏ ਕਰਨ ਅਤੇ ਕੰਮ ਨਾ ਮਿਲਣ ਦੀ ਸੂਰਤ ਵਿੱਚ ਕਾਨੂੰਨ ਅਨੁਸਾਰ ਬੇਰੁਜ਼ਗਾਰੀ ਭੱਤਾ ਪ੍ਰਾਪਤ ਕਰਨ ਲਈ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਤੇਜ਼ ਕੀਤਾ ਜਾਵੇਗਾ। ਆਗੂਆਂ ਕਿਹਾ ਕਿ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਪਿੰਡ ਪੱਧਰ ਤੋਂ ਲੈ ਕੇ ਸੂਬਾ ਪੱਧਰ ਤੱਕ ਜਥੇਬੰਦੀ ਨੂੰ ਮਜ਼ਬੂਤ ਕੀਤਾ ਜਾਵੇਗਾ।ਇਸ ਮੌਕੇ 28 ਅਤੇ 29 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਏਟਕ ਦੀ ਸੂਬਾਈ ਕਾਨਫਰੰਸ ਵਿੱਚ ਸ਼ਮੂਲੀਅਤ ਲਈ ਡੈਲੀਗੇਟਾਂ ਦੀ ਚੋਣ ਵੀ ਕੀਤੀ ਗਈ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਦੁਧਾਲਾ, ਪੱਪੀ ਢਿੱਲਵਾਂ, ਰਾਮ ਸਿੰਘ ਚੈਨਾ, ਖੁਸ਼ੀਆ ਸਿੰਘ ਬਰਨਾਲਾ, ਬੋਹੜ ਸਿੰਘ ਸੁਖਨਾ ਅਤੇ ਜੁਗਰਾਜ ਸਿੰਘ ਰਾਮਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ

**ਚੰਡੀਗੜ੍ਹ (ਗੁਰਜੀਤ ਬਿੱਲਾ) :** ਪੰਜਾਬ ਵਿਧਾਨ ਸਭਾ ਦਾ ਇਜਲਾਸ ਵੀਰਵਾਰ ਨੂੰ ਸ਼ੁਰੂ ਹੋ ਗਿਆ। ਵਿਧਾਨ ਸਭਾ ਦਾ ਇਜਲਾਸ ਸ਼ੁਰੂ ਹੁੰਦਿਆਂ ਹੀ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸਾਬਕਾ ਮੰਤਰੀ ਚੁੰਨੀ ਲਾਲ ਭਗਤ, ਸਾਬਕਾ ਸੰਸਦ ਮੈਂਬਰ ਵਰਿੰਦਰ ਸਿੰਘ ਬਾਜਵਾ, ਸਾਬਕਾ ਵਿਧਾਇਕ ਰਣਜੀਤ ਸਿੰਘ ਅਤੇ ਉੱਘੇ ਡਾਕਟਰ ਰਤਨ ਲਾਲ ਮਿੱਤਲ ਅਤੇ ਨਸ਼ਾ ਵਿਰੋਧੀ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸੰਗਰੂਰ ਵਿਖੇ ਸੜਕ ਹਾਦਸੇ ਦੌਰਾਨ ਜਾਨ ਗਵਾਉਣ ਵਾਲੇ 8 ਮਗਨਰੇਗਾ ਕਾਮਿਆਂ ਅਤੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦੀ ਮਾਤਾ ਵਿਦਿਆ ਦੇਵੀ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਉਪਰੰਤ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਵਿਧਾਨ ਸਭਾ ਦੀ ਕਾਰਵਾਈ ਨੂੰ 23 ਅਕਤੂਬਰ ਸਵੇਰੇ 10 ਵਜੇ ਤੱਕ ਮੁਲਤਵੀ ਕੀਤਾ।

ਨਵਾਂ ਜ਼ਮਾਨਾ

ਸ਼ੁੱਕਰਵਾਰ, 23 ਅਕਤੂਬਰ 2026

# ਕੇਂਦਰ ਦੀ ਬੇਚੈਨੀ

*ਸਰਕਾਰ ਨੇ ਸਾਰੀਆਂ ਕੇਂਦਰੀ ਯੂਨੀਵਰਸਿਟੀਆਂ ਨੂੰ ਜਾਤ, ਬ੍ਰਾਹਮਣਵਾਦ, ਦਲਿਤ ਅੰਦੋਲਨਾਂ, ਹਿੰਦੂ ਧਰਮ ਦੀ ਆਲੋਚਨਾ ਅਤੇ ਲਿੰਗ ਬਾਰੇ ਕਿਤਾਬਾਂ ਵਾਲੇ ਕੋਰਸਾਂ ਦੇ ਨਾਲ-ਨਾਲ ਇਨ੍ਹਾਂ ਨੂੰ ਪੜ੍ਹ ਰਹੇ ਵਿਦਿਆਰਥੀਆਂ ਦੀ ਗਿਣਤੀ ਬਾਰੇ ਵੇਰਵੇ ਦੇਣ ਲਈ ਕਿਹਾ ਹੈ। ਸਿੱਖਿਆ ਮੰਤਰਾਲੇ ਨੇ ਪ੍ਰਧਾਨ ਮੰਤਰੀ ਦਫਤਰ (ਪੀ ਐੱਮ ਓ) ਤੋਂ ਪ੍ਰਾਪਤ ਇੱਕ ਸੁਨੇਹੇ ਤੋਂ ਬਾਅਦ 27 ਸਤੰਬਰ ਨੂੰ ਲਗਭਗ 50 ਕੇਂਦਰੀ ਯੂਨੀਵਰਸਿਟੀਆਂ ਨੂੰ ਇੱਕ ਪੱਤਰ ਭੇਜਿਆ। ਪੀ ਐੱਮ ਓ ਨੇ 26 ਸਤੰਬਰ ਨੂੰ ਇੱਕ ਐੱਕਸ ਹੈਂਡਲ 'ਦੀ ਸਟੋਰੀ ਟੈਲਰ' ਵੱਲੋਂ ਪਾਈ ਗਈ ਇੱਕ ਪੋਸਟ ਦੇ ਆਧਾਰ 'ਤੇ ਸਿੱਖਿਆ ਮੰਤਰਾਲੇ ਨੂੰ ਇਹ ਪੱਤਰ ਲਿਖਿਆ। ਪੋਸਟ ਵਿੱਚ ਕਿਹਾ ਗਿਆ ਸੀ, 'ਸਾਡੀਆਂ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੂੰ ਪਿਤਾ-ਪੁਰਖੀ ਤੋਂ ਲੈ ਕੇ ਜਾਤੀ ਦੇ ਨਾਸ ਤੱਕ, ਬ੍ਰਾਹਮਣੀਕਰਨ ਤੋਂ ਲੈ ਕੇ ਮਨੂੰ ਦੇ ਸਰਾਪ ਤੱਕ ਪੜ੍ਹਾ ਕੇ ਅਸੀਂ ਨੌਜਵਾਨ ਮਨਾਂ 'ਚ ਜ਼ਹਿਰ ਭਰ ਰਹੇ ਹਾਂ, ਜਿਸ ਨੂੰ ਸਾਡਾ ਖੱਬੇ-ਪੱਖੀ ਧੜਾ ਆਪਣੀ ਭਵਿੱਖੀ ਪੀੜ੍ਹੀ ਤਿਆਰ ਕਰਨ ਲਈ ਸਿਖਲਾਈ ਵਜੋਂ ਵਰਤਦਾ ਹੈ।' ਪੋਸਟ ਵਿੱਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਪੰਜਾਬ ਕੇਂਦਰੀ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ ਅਤੇ ਕਲਕੱਤਾ ਯੂਨੀਵਰਸਿਟੀ ਅਧੀਨ ਆਸ਼ੂਤੋਸ਼ ਕਾਲਜ ਦੇ ਕੋਰਸਾਂ ਵਿੱਚ ਪੜ੍ਹਾਈਆਂ ਜਾਂਦੀਆਂ ਕਿਤਾਬਾਂ ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਕਿਤਾਬਾਂ ਵਿੱਚ ਬੀ ਆਰ ਅੰਬੇਡਕਰ ਦੀ ਐਨੀਹਿਲੇਸ਼ਨ ਆਫ ਕਾਸਟ, ਹੂ ਵਰ ਦੀ ਸ਼ੂਦਰਸ, ਦੀ ਅਨਟਚੇਬਲਜ਼, ਅਗੇਂਸਟ ਦੀ ਮੈਡਨੈੱਸ ਆਫ ਮਨੂੰ, ਗੇਲ ਓਮਵੇਦਤ ਦੀ ਦਲਿਤਸ ਐਂਡ ਦੀ ਡੈਮੋਕ੍ਰੇਟਿਕ ਰੈਵੋਲਿਊਸ਼ਨ : ਡਾ. ਅੰਬੇਡਕਰ ਐਂਡ ਦੀ ਦਲਿਤ ਮੂਵਮੈਂਟ ਇਨ ਕਲੋਨੀਅਲ ਇੰਡੀਆ, ਆਰ ਐੱਸ ਸ਼ਰਮਾ ਦੀ ਸ਼ੂਦਰਸ ਇਨ ਐਨਸ਼ੀਐਂਟ ਇੰਡੀਆ : ਏ ਸੋਸ਼ਲ ਹਿਸਟਰੀ ਆਫ ਦੀ ਆਰਡਰ ਡਾਊਨ ਟੂ ਸਿਰਕਾ ਏਡੀ 600, ਬੀ ਆਰ ਮਨੀ ਦੀ ਡੀਬ੍ਰਾਹਮਨਾਈਜ਼ਿੰਗ ਹਿਸਟਰੀ, ਉਮਾ ਚੱਕਰਵਰਤੀ ਦੀ ਐਵਰੀਡੇ ਲਾਈਵਜ਼, ਐਵਰੀਡੇ ਹਿਸਟਰੀਜ਼ : ਬਿਓਂਡ ਦੀ ਕਿੰਗ ਐਂਡ ਬ੍ਰਾਹਮਨਜ਼ ਆਫ ਐਂਸ਼ੀਐਂਟ ਇੰਡੀਆ, ਈ ਵੀ ਪੇਰੀਆਰ ਦੀ ਕਲੈੱਕਟੇਡ ਰਾਈਟਿੰਗਜ਼, ਜੋਤੀਰਾਓ ਫੂਲੇ ਦੀ ਗੁਲਾਮਗਿਰੀ, ਕਾਂਚਾ ਇਲੱਈਆ ਦੀ ਵਾਈ ਆਈ ਐੱਮ ਨੌਟ ਏ ਹਿੰਦੂ ਅਤੇ ਮਹਿਸਾਸੁਰ ਸੰਬੰਧੀ ਪੁਰਾਣਿਕ ਸਮੱਗਰੀ ਸ਼ਾਮਲ ਹਨ।*

*ਇੱਕ ਸਰਕਾਰੀ ਅਧਿਕਾਰੀ ਨੇ ਕਿਹਾ ਕਿ ਪੀ ਐੱਮ ਓ ਨੇ ਜਨਤਕ ਫੀਡਬੈਕ 'ਤੇ ਕਾਰਵਾਈ ਕੀਤੀ ਹੈ। ਸਾਰੀਆਂ ਕੇਂਦਰੀ ਯੂਨੀਵਰਸਿਟੀਆਂ ਨੂੰ ਕਿਹਾ ਗਿਆ ਹੈ ਕਿ ਦੱਸੇ ਗਏ ਕੋਰਸਾਂ ਵਿੱਚ ਦਾਖਲੇ ਬਾਰੇ ਵੀ ਮੰਤਰਾਲੇ ਨੂੰ ਸੂਚਿਤ ਕਰਨ। ਇਸ ਨੂੰ ਜ਼ਰੂਰੀ ਮੰਨ ਕੇ ਲੋੜੀਂਦੀਆਂ ਟਿੱਪਣੀਆਂ/ਜਾਣਕਾਰੀ ਜਲਦੀ ਤੋਂ ਜਲਦੀ ਮੰਤਰਾਲੇ ਨੂੰ ਦਿੱਤੀ ਜਾਏ।*

*ਦਿੱਲੀ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਐੱਨ ਸੁਕੁਮਾਰ ਨੇ ਕਿਹਾ ਕਿ ਭਾਰਤ ਵਿੱਚ ਜਾਤ ਇੱਕ ਸਮਾਜਿਕ ਹਕੀਕਤ ਹੈ ਅਤੇ ਯੂਨੀਵਰਸਿਟੀਆਂ ਵਿੱਚ ਸਮਾਜਿਕ ਵਿਗਿਆਨ ਵਿਸ਼ਿਆਂ ਦੇ ਸਿਲੇਬਸ ਵਿੱਚ ਪ੍ਰਮੁੱਖ ਸਮਾਜਿਕ ਚਿੰਤਕਾਂ ਅਤੇ ਖੋਜਕਰਤਾਵਾਂ ਦੀਆਂ ਜਾਤ ਬਾਰੇ ਕਿਤਾਬਾਂ ਸ਼ਾਮਲ ਕੀਤੀਆਂ ਗਈਆਂ ਹਨ। ਜੇ ਪੀ ਐੱਮ ਓ ਨੇ ਕੇਂਦਰੀ ਯੂਨੀਵਰਸਿਟੀਆਂ, ਜੋ ਕਿ ਖੁਦਮੁਖਤਿਆਰ ਸੰਸਥਾਵਾਂ ਹਨ, ਨੂੰ ਇਨ੍ਹਾਂ ਰੀਡਿੰਗਾਂ ਬਾਰੇ ਲਿਖਿਆ ਹੈ, ਤਾਂ ਇਹ ਅਧਿਆਪਨ-ਸਿਖਲਾਈ ਗਤੀਵਿਧੀਆਂ ਦੇ ਲੋਕਤੰਤਰੀਕਰਨ ਦੇ ਸੰਦਰਭ ਵਿੱਚ ਇੱਕ ਚੰਗਾ ਸੰਕੇਤ ਨਹੀਂ ਹੈ। ਗਿਆਨ ਨੂੰ ਕਈ ਪਹਿਲੂਆਂ ਤੋਂ ਪ੍ਰਾਪਤ ਕਰਨ ਦੀ ਲੋੜ ਹੈ। ਜੇ ਸਮਾਜ ਸ਼ਾਸਤਰ, ਰਾਜਨੀਤੀ ਵਿਗਿਆਨ, ਇਤਿਹਾਸ, ਮਹਿਲਾ ਅਧਿਐਨ ਆਦਿ ਦੇ ਕੋਰਸਾਂ ਵਿੱਚ ਜਾਤ 'ਤੇ ਬਹਿਸ ਨਹੀਂ ਕੀਤੀ ਜਾ ਸਕਦੀ, ਤਾਂ ਇਸ ਦਾ ਅਧਿਐਨ ਕਿੱਥੇ ਕੀਤਾ ਜਾਵੇਗਾ? ਸੱਤਾਧਾਰੀ ਸਿਆਸੀ ਸਥਾਪਨਾ ਚੋਣ ਲਾਭ ਲਈ ਜਾਤ ਦੀ ਵਰਤੋਂ ਕਰਦੀ ਹੈ, ਪਰ ਹੱਲ ਲੱਭਣ ਲਈ ਬੌਧਿਕ ਸ਼ਮੂਲੀਅਤ ਨਹੀਂ ਚਾਹੁੰਦੀ। ਜਾਤ ਇੱਕ ਬੁਨਿਆਦੀ ਸਮਾਜਿਕ ਹਕੀਕਤ ਹੈ। ਜੇ ਤੁਸੀਂ ਇਸ ਨੂੰ ਨਜ਼ਰਅੰਦਾਜ਼ ਕਰਦੇ ਹੋ, ਤਾਂ ਤੁਸੀਂ ਭਾਰਤੀ ਸਮਾਜ ਨੂੰ ਸਹੀ ਢੰਗ ਨਾਲ ਨਹੀਂ ਸਮਝ ਸਕਦੇ। ਇਸੇ ਲਈ ਜਾਤ ਨੂੰ ਕੋਰਸਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਨੂੰ ਸਿਖਾਉਣ ਦੀ ਲੋੜ ਹੈ।*

*ਜਾਤ, ਸਮਾਜਿਕ ਅਲਹਿਦਗੀ ਅਤੇ ਸਮਾਵੇਸ਼ੀ ਨੀਤੀ ਦੇ ਮਾਹਰ ਪ੍ਰੋਫੈਸਰ ਅਵਥੀ ਰਮੱਈਆ ਦਾ ਕਹਿਣਾ ਹੈ ਕਿ ਭਾਰਤ ਵਿੱਚ ਜਾਤਪਾਤ ਦੇ ਕੋਰਸਾਂ, ਖਾਸ ਕਰਕੇ ਡਾ. ਅੰਬੇਡਕਰ, ਮਹਾਤਮਾ ਫੂਲੇ, ਪੇਰੀਆਰ ਅਤੇ ਕਾਰਲ ਮਾਰਕਸ ਦੇ ਦ੍ਰਿਸ਼ਟੀਕੋਣਾਂ ਬਾਰੇ ਕੇਂਦਰੀ ਯੂਨੀਵਰਸਿਟੀਆਂ ਨੂੰ ਸਰਕਾਰੀ ਪੱਤਰ, ਅੱਜ ਦੇ ਨੌਜਵਾਨਾਂ, ਵਿਦਿਆਰਥੀਆਂ ਅਤੇ ਖੋਜ ਵਿਦਵਾਨਾਂ ਨੂੰ ਆਲੋਚਨਾਤਮਕ ਸੋਚ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਸਰਕਾਰ ਦੀ ਬੇਚੈਨੀ ਨੂੰ ਦਰਸਾਉਂਦਾ ਜਾਪਦਾ ਹੈ। ਸੰਵਿਧਾਨ ਦੀ ਪ੍ਰਸਤਾਵਨਾ ਮੁਤਾਬਕ ਭਾਈਚਾਰਾ ਜਾਂ ਏਕਤਾ ਸਿਰਫ ਹਰੇਕ ਨਾਗਰਿਕ ਨੂੰ ਨਿਆਂ, ਆਜ਼ਾਦੀ ਅਤੇ ਸਮਾਨਤਾ ਨੂੰ ਯਕੀਨੀ ਬਣਾ ਕੇ ਹੀ ਸਾਕਾਰ ਕੀਤੇ ਜਾ ਸਕਦੇ ਹਨ। ਇਨ੍ਹਾਂ ਮਹਾਨ ਵਿਚਾਰਾਂ ਨੂੰ ਨਕਾਰ ਕੇ ਭਾਈਚਾਰਾ ਸਾਕਾਰ ਨਹੀਂ ਕੀਤਾ ਜਾ ਸਕਦਾ।*

*ਪੀ ਐੱਮ ਓ ਦਾ ਪੱਤਰ ਆਰ ਐੱਸ ਐੱਸ ਤੇ ਭਾਜਪਾ ਸਰਕਾਰ ਵੱਲੋਂ ਮਨੂੰ ਸਿਮਰਤੀ ਨੂੰ ਲਾਗੂ ਕਰਨ ਦੇ ਪ੍ਰੋਜੈਕਟ ਦਾ ਅਗਲਾ ਹਿੱਸਾ ਹੈ। ਇਹ ਉਸ ਸਮੇਂ ਹੋਰ ਵੀ ਅਹਿਮ ਹੋ ਜਾਂਦਾ ਹੈ, ਜਦੋਂ ਦੇਸ਼ ਦੇ ਵਿਦਿਆਰਥੀ ਤੇ ਨੌਜਵਾਨ ਸਰਕਾਰ ਖਿਲਾਫ ਸੜਕਾਂ 'ਤੇ ਉੱਤਰੇ ਹੋਏ ਹਨ।*

## ਸ਼ਾਹਾਂ ਦੇ ਬੋਲ !

*ਲੋਕ ਖੂਹਾਂ ਕੋਲ ਜਾਣ ਨੂੰ ਤਰਸਦੇ ਸੀ,*
*ਖੂਹ ਆ ਗਿਆ ਕੋਲ ਪਿਆਸਿਆਂ ਦੇ।*
*ਕਿਸ ਨੇ ਰਹਿਣਾ ਤੇ ਕਿਸ ਬਣਵਾਸ ਜਾਣਾ,*
*ਬੋਲ ਪੂਰੇ ਹੋਏ ਰਿਸ਼ੀ ਦਰਬਾਸਿਆਂ ਦੇ।*
*ਪੀ-ਪੀ ਕੇ ਸੁਥਰਿਆਂ ਪਾਏ ਭੰਗੜੇ,*
*ਭਰ-ਭਰ ਬਾਟੇ ਨੇ ਘੋਲ ਪਤਾਸਿਆਂ ਦੇ।*
*ਭੁੱਲ ਗਏ ਨੇ ਭਾਦੋਂ ਦੀਆਂ ਬਾਰਸ਼ਾਂ ਨੂੰ,*
*ਝੱਲਣੇ ਪੈਂਦੇ ਨੇ ਕਹਿਰ ਚੁਮਾਸਿਆਂ ਦੇ।*
*ਹਾਸੇ ਦੇਖਣ ਦੇ ਵਾਸਤੇ ਸੱਥਰਾਂ 'ਤੇ,*
*ਉਹ ਲਾਉਂਦੇ ਨੇ ਭਾਅ ਦੰਦਾਸਿਆਂ ਦੇ।*
*ਨਹੀਂ ਘੋਲਾਂ ਵਿੱਚ ਕਿਸੇ ਨ੍ਹੀਂ ਕੰਮ ਆਉਂਦੇ,*
*ਬੋਲੇ ਸ਼ਾਹਾਂ ਵੱਲੋਂ ਬੋਲ ਦਿਲਾਸਿਆਂ ਦੇ।*

*-ਗੁਲਪੁਰ*

# ਡਰੱਗ ਨੂੰ ਕਿਸ ਦੀ ਸਰਪ੍ਰਸਤੀ ?



**ਜਗਤਾਰ ਸਿੰਘ ਭੁੰਗਰਨੀ**

ਪੰਜਾਬ ਅੱਜ ਦੋ ਫਰੰਟਾਂ 'ਤੇ ਲੜ ਰਿਹਾ ਹੈ। ਇੱਕ ਸਰਹੱਦ ਦੇ ਦੁਸ਼ਮਣ ਨਾਲ, ਦੂਜਾ ਅੰਦਰ ਆਪਣੇ ਹੀ ਗੰਦੇ ਸਿਸਟਮ ਨਾਲ, ਪਰ ਦੂਜੀ ਲੜਾਈ ਪਹਿਲੀ ਨਾਲੋਂ ਕਿਤੇ ਜ਼ਿਆਦਾ ਖਤਰਨਾਕ ਹੈ, ਸਰਹੱਦ ਵਾਲਾ ਦੁਸ਼ਮਣ ਦਿੱਸਦਾ ਹੈ, ਅੰਦਰ ਵਾਲਾ ਦੁਸ਼ਮਣ ਪਤਾ ਨਹੀਂ ਕਿਹੜੇ ਰੰਗ ਅਤੇ ਕਿਹੜੀ-ਕਿਹੜੀ ਕੁਰਸੀ ਵਿੱਚ ਲੁਕਿਆ ਹੋਇਆ, ਇਹ ਪੰਜਾਬ ਦੀ ਜਨਤਾ ਲਈ ਸੁਲਝਿਆ ਅਤੇ ਅਣ-ਸੁਲਝਿਆ ਸਵਾਲ ਇੱਕ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਸਿਆਸਤਦਾਨ ਆਪਣੇ ਭਾਸ਼ਣਾਂ ਵਿੱਚ ਪੰਜਾਬ ਬਚਾਉਣ ਦੀਆਂ ਗੱਲਾਂ ਕਰਦੇ ਨੇ, ਪਰ ਸੱਚ ਕੀ ਹੈ, ਇਹ ਤਾਂ ਹਰ ਪਿੰਡ ਦਾ ਬੱਚਾ-ਬੱਚਾ ਜਾਣਦਾ ਹੈ।

*ਪੁਲਸ ਵਿਕੀ, ਸਿਆਸਤ ਵਿਕੀ, ਵਿਕ ਗਿਆ ਜ਼ਮੀਰ ਹੈ,*
*ਨਸ਼ੇ ਦੇ ਸੌਦਾਗਰਾਂ ਦੀ, ਹਰ ਥਾਂ ਤਸਵੀਰ ਹੈ।*
*ਅਜੇ ਵੀ ਵਕਤ ਹੈ, ਸੰਭਲ ਜਾ ਪੰਜਾਬਾ,*
*ਤੇਰੇ ਪੁੱਤ ਤੈਨੂੰ ਛੱਡ ਕੇ, ਤੁਰਦੇ ਜਾ ਰਹੇ ਨੇ।*

ਇਹ ਸਵਾਲ ਸੁਲਝਿਆ ਇਸ ਲਈ ਕਿ ਸਭ ਜਾਣਦੇ ਨੇ ਸਰਪ੍ਰਸਤੀ ਕਿਸ ਦੀ ਹੈ ਤੇ ਅਣਸੁਲਝਿਆ ਇਸ ਲਈ ਕਿ ਕਾਰਵਾਈ ਕੋਈ ਨਹੀਂ ਕਰ ਰਿਹਾ। ਅੱਜ ਪੰਜਾਬ ਦੇ ਹਰ ਪਿੰਡ ਵਿੱਚ ਤਿੰਨ ਚੀਜ਼ਾਂ ਆਮ ਮਿਲ ਜਾਂਦੀਆਂ ਨੇ -ਇੱਕ ਟੁੱਟਿਆ ਹੋਇਆ ਨੌਜਵਾਨ, ਇੱਕ ਰੋਂਦੀ ਹੋਈ ਮਾਂ ਅਤੇ ਇੱਕ ਆਲੀਸ਼ਾਨ ਕੋਠੀ ਵਾਲਾ ਤਸਕਰ, ਜਿਸ ਨੂੰ ਸਾਰੇ ਸਰਪੰਚ ਤੋਂ ਲੈ ਕੇ ਐੱਮ ਐੱਲ ਏ ਤੱਕ ਸਲਾਮ ਕਰਦੇ ਨੇ।

ਸਰਮਾਏਦਾਰ ਧਿਰ ਦੇ ਸਿਆਸਤਦਾਨ ਨਸ਼ਿਆਂ ਰਾਹੀਂ ਜੁਆਨੀ ਦੀ ਸੋਚ ਨੂੰ ਖੁੰਢਿਆਂ ਇਸ ਲਈ ਕਰ ਰਹੇ ਹਨ ਕਿ ਕਿਤੇ ਜੁਆਨੀ ਸਾਡੀ ਲੁਟੇਰੀ ਨੀਤੀ ਨੂੰ ਸਮਝ ਕੇ ਸਾਡੇ ਵਿਰੁੱਧ ਜਾਂ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਨਾ ਆਰੰਭ ਦੇਵੇ।

ਇੱਕ ਸਮਾਂ ਸੀ, ਜਦੋਂ ਚੋਣਾਂ ਵਿੱਚ ਵੋਟਾਂ ਲਈ ਸ਼ਰਾਬ ਵੰਡੀ ਜਾਂਦੀ ਸੀ। ਅੱਜ ਚੋਣਾਂ ਵਿੱਚ ਵੋਟਾਂ ਲਈ ਚਿੱਟੇ ਦੀਆਂ ਪੁੜੀਆਂ ਅਤੇ ਪੰਜ ਰੁਪਏ ਦੇ ਨੋਟ ਵੰਡੇ ਜਾਂਦੇ ਨੇ। ਪਿਛਲੀਆਂ ਤਿੰਨ ਵਿਧਾਨ ਸਭਾ ਚੋਣਾਂ ਦਾ ਜੇ ਤੁਸੀਂ ਡੂੰਘਾ ਅਧਿਐਨ ਕਰੋਗੇ ਤਾਂ ਪਤਾ ਲੱਗੇਗਾ ਕਿ ਜਿਹੜੇ ਹਲਕਿਆਂ ਵਿੱਚ ਨਸ਼ਾ ਤਸਕਰੀ ਸਭ ਤੋਂ ਵੱਧ ਹੈ, ਉੱਥੇ ਚੋਣਾਂ ਵਿੱਚ ਪੈਸਾ ਵੀ ਸਭ ਤੋਂ ਵੱਧ ਲੱਗਦਾ ਹੈ।

ਪੂੰਜੀਵਾਦੀ ਪਾਰਟੀਆਂ ਦੇ ਵੱਡੇ ਆਗੂ ਆਪਣੇ ਇਲਾਕੇ ਦੇ 2-3 ਵੱਡੇ ਤਸਕਰਾਂ ਨਾਲ ਅੰਦਰਖਾਤੇ ਰਾਬਤਾ ਕਾਇਮ ਕਰਕੇ ਉਨ੍ਹਾਂ ਤੋਂ ਪੈਸਾ ਲੈ ਕੇ ਚੋਣਾਂ ਲੜਦੇ ਤੇ ਜਿੱਤਦੇ ਅਤੇ ਫਿਰ ਉਨ੍ਹਾਂ ਨੂੰ ਨਸ਼ਾ ਵੇਚਣ ਦੀ ਖੁੱਲ੍ਹ ਦੇਂਦੇ ਹਨ। ਇੱਕ ਵਿਧਾਨ ਸਭਾ ਹਲਕੇ ਦੀ ਚੋਣ ਵਿੱਚ ਲਗਭਗ 3 ਤੋਂ 5 ਕਰੋੜ ਰੁਪਏ ਤੱਕ ਦਾ ਕਾਲਾ ਪੈਸਾ ਸਿਰਫ ਨਸ਼ਾ ਤਸਕਰਾਂ ਤੋਂ ਆਉਂਦਾ ਹੈ।

ਅੰਤ ਨਤੀਜਾ ਕੀ ਨਿਕਲਦਾ ਹੈ? ਜਦੋਂ ਨਸ਼ੇੜੀਆਂ ਨੂੰ ਨਸ਼ੇ ਵਾਸਤੇ ਪੈਸੇ ਨਹੀਂ ਮਿਲਦੇ ਤੇ ਫਿਰ ਉਹ ਨਸ਼ੇੜੀ ਨਸ਼ੇ ਦੀ ਪੂਰਤੀ ਲਈ ਦਿਨ ਦਿਹਾੜੇ ਚੋਰੀ, ਲੁੱਟਾਂ-ਖੋਹਾਂ ਕਰਦੇ ਹਨ। ਜਿਸ ਕਰਕੇ ਅੱਜ ਪੰਜਾਬ ਵਿੱਚ ਦਹਿਸ਼ਤ ਵਾਲਾ ਮਾਹੌਲ ਬਣਿਆ ਹੋਇਆ ਹੈ। ਲੁੱਟਾਂ ਖੋਹਾਂ ਕਰਨ ਵਾਲੇ ਇਕੱਲੇ ਨਹੀਂ ਕੁੱਝ ਹੋਰ ਵੀ ਗੁੰਡੇ ਬਦਮਾਸ਼ ਹਨ। ਆਮ ਪਬਲਿਕ ਵਲੋਂ ਪੁਲਿਸ ਤੇ ਉਂਗਲੀ ਉੱਠਦੀ ਹੈ ਕਿ ਪੁਲਸ ਦੀ ਮਿਲੀ ਭੁਗਤ ਹੈ।ਇਸ ਨੂੰ ਨਕਾਰਿਆ ਵੀ ਨਹੀਂ ਜਾ ਸਕਦਾ, ਪਰ ਸਾਰੇ ਪੁਲਸ ਮੁਲਾਜ਼ਮ ਜਾਂ ਅਧਿਕਾਰੀ ਇੱਕੋ ਜਿਹੇ ਵੀ ਨਹੀਂ ਹੁੰਦੇ, ਉਹ ਵੀ ਪਰਵਾਰਾਂ ਵਾਲੇ ਹਨ, ਪਰ ਹਰ ਵਿਭਾਗ ਵਿੱਚ ਕਾਲੀਆਂ ਭੇਡਾਂ ਤਾਂ ਜ਼ਰੂਰ ਹੁੰਦੀਆਂ ਹਨ। ਥਾਣਿਆਂ ਵਿੱਚ ਪੁਲਸ ਨਫਰੀ ਵੀ ਪੂਰੀ ਨਹੀਂ, ਅੱਧੀ ਪੁਲਸ ਵੀ ਆਈ ਪੀ ਡਿਊਟੀ 'ਤੇ ਹੈ, ਕਈ ਰਾਜਨੀਤਕ ਆਗੂਆਂ ਦੇ ਰਿਸ਼ਤੇਦਾਰ ਅਤੇ ਚੇਲਿਆਂ ਨੇ ਟੌਹਰ ਜਮਾਉਣ ਲਈ ਪ੍ਰਭਾਵ ਨਾਲ ਗੰਨਮੈਨ ਲਏ ਹੋਏ ਹਨ।

ਇਸ ਵੇਲੇ ਸਮੇਂ ਦੀ ਮੰਗ ਹੈ ਕਿ ਪੰਜਾਬ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਨੂੰ ਪੁਲਸ ਵਿੱਚ ਭਰਤੀ ਕਰੇ ਅਤੇ ਪੁਲਸ ਨਫਰੀ ਵਧਾਏ, ਤਾਂ ਕਿ ਵਿਗੜੇ ਹੋਏ ਮਾਹੌਲ ਨੂੰ ਕੰਟਰੋਲ ਕੀਤਾ ਜਾ ਸਕੇ।

ਸਰਕਾਰ ਨੂੰ ਚਾਹੀਦਾ ਹੈ ਕਿ ਚੀਨ ਨੇ ਨਸ਼ਿਆਂ 'ਤੇ ਕਿਵੇਂ ਜਿੱਤ ਪਾਈ ਦਾ ਫਾਰਮੂਲਾ ਥੋੜ੍ਹੇ ਚਿਰ ਲੈ ਲਵੇ, ਹੋਰ ਵੀ ਤਾਂ ਚੀਨ ਮਾਰਕਾ ਸਮਾਨ ਖਰੀਦਦੇ ਹਾਂ। ਹਰ ਸਰਕਾਰ ਕਹਿੰਦੀ ਹੈ-ਅਸੀਂ 4 ਹਫਤਿਆਂ ਵਿੱਚ ਨਸ਼ਾ ਖਤਮ ਕਰ ਦਿਆਂਗੇ। ਨਸ਼ਾ ਖਤਮ ਨਹੀਂ ਹੁੰਦਾ, ਖਤਮ ਹੁੰਦੇ ਨੇ ਸਾਡੇ ਪੁੱਤ। ਹੱਲ ਤਿੰਨ ਹੀ ਨੇ, ਜੇ ਸਰਕਾਰਾਂ ਦੀ ਨੀਅਤ ਸਾਫ ਹੋਵੇ:

*ਨਸ਼ਿਆਂ 'ਤੇ ਰੋਟੀਆਂ ਸੇਕਦੇ, ਜੋ ਕੁਰਸੀ ਵਾਲੇ ਲੋਕ ਨੇ,*
*ਲਾਸ਼ਾਂ 'ਤੇ ਵੋਟਾਂ ਭਾਲਦੇ, ਉਹ ਕਿਹੋ ਜਿਹੇ ਲੋਕ ਨੇ।*
*ਪੰਜਾਬ ਰੋ ਰਿਹਾ, ਤੇ ਉਹ ਹੱਸ ਕੇ ਭਾਸ਼ਣ ਦਿੰਦੇ ਨੇ,*
*ਚਿੱਟੇ ਦੇ ਵਪਾਰੀ ਨੂੰ ਉਹ ਆਪ ਆ ਬਚਾਉਂਦੇ ਨੇ।*

ਨਸ਼ਾ ਤਸਕਰਾਂ ਦੇ ਕੇਸ ਫਾਸਟ ਟਰੈਕ ਕੋਰਟ ਵਿੱਚ ਚਲਾਏ ਜਾਣ। ਛੇ ਮਹੀਨੇ ਵਿੱਚ ਫੈਸਲਾ ਅਤੇ ਸਜ਼ਾ ਸਿਰਫ ਜੇਲ੍ਹ ਨਹੀਂ, ਉਸ ਦੀ ਸਾਰੀ ਜਾਇਦਾਦ ਕੁਰਕ ਕਰਕੇ ਉਸੇ ਪਿੰਡ ਦੇ ਸਕੂਲ ਅਤੇ ਨਸ਼ਾ ਛੁਡਾਊ ਕੇਂਦਰ 'ਤੇ ਲਾਈ ਜਾਵੇ। ਜਿਵੇਂ ਬਾਹਰਲੇ ਮੁਲਕਾਂ ਵਿੱਚ ਹਰ ਗਲਤ ਕੰਮ ਕਰਨ ਦੀ ਸਜ਼ਾ ਐਨੀ ਕੁ ਦੇ ਦਿੱਤੀ ਜਾਂਦੀ ਹੈ ਕਿ ਮੁੜ ਕੇ ਉਹ ਗਲਤੀ ਕਰਨ ਦੀ ਹਿੰਮਤ ਨਹੀਂ ਕਰਦਾ।ਇੱਕ ਗੱਲ ਹੋਰ ਪੁਲਸ, ਪ੍ਰਸ਼ਾਸਨ ਅਤੇ ਸਿਆਸਤਦਾਨਾਂ ਨੂੰ ਗਾਲ੍ਹਾਂ ਕੱਢਣਾ ਸੌਖਾ ਹੈ, ਪਰ ਕੀ ਅਸੀਂ ਆਪਣੇ ਪਿੰਡ ਦੇ ਤਸਕਰ ਨੂੰ ਨੱਥ ਪਾਈ ਹੈ? ਅਸੀਂ ਅੱਜ ਵੀ ਉਸ ਦੇ ਮੁੰਡੇ ਦੇ ਵਿਆਹ 'ਤੇ ਬਰਾਤੀ ਬਣ ਕੇ ਜਾਂਦੇ ਹਾਂ, ਉਸ ਦੇ ਭੰਡਾਰੇ ਵਿੱਚ ਲੰਗਰ ਛਕਦੇ ਹਾਂ, ਉਸ ਨੂੰ ਸਰਪੰਚੀ ਦੀਆਂ ਵੋਟਾਂ ਪਾਉਂਦੇ ਹਾਂ। ਜਦੋਂ ਤੱਕ ਹਰ ਪਿੰਡ ਦੀ ਮਾਂ ਆਪਣੇ ਪੁੱਤ ਨੂੰ ਤਸਕਰ ਦੀ ਕੋਠੀ ਵੱਲ ਜਾਣ ਤੋਂ ਨਹੀਂ ਰੋਕੇਗੀ, ਜਦੋਂ ਤੱਕ ਹਰ ਪਿੰਡ ਦਾ ਨੌਜਵਾਨ ਤਸਕਰ ਦਾ ਹੁੱਕਾ-ਪਾਣੀ ਬੰਦ ਨਹੀਂ ਕਰੇਗਾ, ਉਦੋਂ ਤੱਕ ਕੋਈ ਵੀ ਸਰਕਾਰ, ਕੋਈ ਵੀ ਪੁਲਸ ਪੰਜਾਬ ਨੂੰ ਨਸ਼ੇ ਤੋਂ ਨਹੀਂ ਬਚਾ ਸਕਦੀ। ਇਹ ਲੜਾਈ ਕਾਨੂੰਨ ਦੀ ਨਹੀਂ, ਇਹ ਲੜਾਈ ਜ਼ਮੀਰ ਦੀ ਹੈ। ਸਰਕਾਰ ਹਰ ਪਿੰਡ, ਇਲਾਕੇ ਵਿੱਚ ਸਮਾਜਿਕ ਜਥੇਬੰਦੀਆਂ, ਪੰਚਾਇਤਾਂ ਰਾਹੀਂ, ਜ਼ਿਲ੍ਹਾ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ ਦੀ ਸਰਪ੍ਰਸਤੀ ਵਿੱਚ ਪੂਰੀ ਸੁਰੱਖਿਆ ਹੇਠ ਕਮੇਟੀਆਂ ਸਥਾਪਤ ਕਰੇ। ਜੋ ਨਸ਼ਿਆਂ ਤੋਂ ਪੀੜਤ ਹੋਣ, ਕਮੇਟੀ ਉਨ੍ਹਾਂ ਦੀ ਨਿਸ਼ਾਨਦੇਹੀ ਕਰੇ ਤੇ ਸਰਕਾਰ ਉਸ ਦਾ ਇਲਾਜ ਕਰਵਾਏ।ਜੋ ਨਸ਼ਾ ਤਸਕਰੀ ਕਰਦਾ ਹੈ, ਸਰਕਾਰ ਕਮੇਟੀ ਦੀ ਨਿਸ਼ਾਨਦੇਹੀ 'ਤੇ ਪਰੂਫਾਂ ਸਹਿਤ ਤੁਰੰਤ ਐਕਸ਼ਨ ਕਰੇ। ਨਸ਼ੇ ਦੀ ਜੜ੍ਹ ਪਬਲਿਕ ਦੇ ਸਹਿਯੋਗ ਨਾਲ ਹੀ ਵੱਢੀ ਜਾ ਸਕਦੀ ਹੈ, ਨਾ ਕਿ ਨਸ਼ੇ 'ਤੇ ਰਾਜਨੀਤੀ ਕਰਨ ਨਾਲ।

**# ਸੰਪਰਕ : 98153-06402**

## ਬਰਸੀ 'ਤੇ ਵਿਸ਼ੇਸ਼

# ਖ਼ਾਲਸਾ ਦੀ ਚੜ੍ਹਤ ਦਾ ਜਰਨੈਲ ਨਵਾਬ ਜੱਸਾ ਸਿੰਘ ਆਹਲੂਵਾਲੀਆ

**ਮੋਹਿਤ ਸਿੰਗਲਾ**

ਅਠਾਰ੍ਹਵੀਂ ਸਦੀ ਦਾ ਪੰਜਾਬ ਸਿਰਫ਼ ਜੰਗਾਂ ਦਾ ਮੈਦਾਨ ਨਹੀਂ ਸੀ, ਸਗੋਂ ਡਿੱਗਦੇ ਮੁਗਲ ਸਾਮਰਾਜ, ਵਾਰ-ਵਾਰ ਹੁੰਦੇ ਅਫ਼ਗਾਨ ਹਮਲਿਆਂ ਅਤੇ ਉੱਭਰ ਰਹੀ ਸਿੱਖ ਤਾਕਤ ਵਿਚਕਾਰ ਸੱਤਾ ਦੇ ਨਵੇਂ ਕੇਂਦਰਾਂ ਦੀ ਧਰਤੀ ਸੀ। ਇੱਕ ਪਾਸੇ ਮੁਗਲ ਸਾਮਰਾਜ ਦੀ ਪਕੜ ਢਿੱਲੀ ਪੈ ਰਹੀ ਸੀ, ਦੂਜੇ ਪਾਸੇ ਅਹਿਮਦ ਸ਼ਾਹ ਦੁਰਾਨੀ ਵਰਗੇ ਹਮਲਾਵਰ ਪੰਜਾਬ ਵਿੱਚ ਅੜਿੱਕੇ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਨ੍ਹਾਂ ਹਾਲਤਾਂ ਵਿੱਚ ਸਿੱਖਾਂ ਲਈ ਲੜਾਈ ਸਿਰਫ਼ ਜ਼ਮੀਨ ਦੀ ਨਹੀਂ, ਸਗੋਂ ਆਪਣੀ ਹੋਂਦ, ਸਨਮਾਨ ਅਤੇ ਆਜ਼ਾਦੀ ਦੀ ਲੜਾਈ ਸੀ। ਇਸੇ ਉਥਲ-ਪੁਥਲ ਭਰੇ ਦੌਰ ਵਿੱਚ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਖ਼ਾਲਸਾ ਦੀ ਜੰਗੀ ਤਾਕਤ ਨੂੰ ਸੰਗਠਨ, ਰਣਨੀਤੀ ਅਤੇ ਸਿਆਸੀ ਦੂਰਦ੍ਰਿਸ਼ਟੀ ਨਾਲ ਜੋੜ ਕੇ ਇਤਿਹਾਸ ਵਿੱਚ ਆਪਣੀ ਅਮਿੱਟ ਥਾਂ ਬਣਾਈ।

3 ਮਈ 1718 ਨੂੰ ਲਾਹੌਰ ਨੇੜੇ ਪਿੰਡ ਆਹਲੂ ਵਿੱਚ ਜਨਮੇ ਜੱਸਾ ਸਿੰਘ ਆਪਣੇ ਜੱਦੀ ਪਿੰਡ ਦੇ ਨਾਂਅ ਨਾਲ ਆਹਲੂਵਾਲੀਆ ਜੁੜ ਗਿਆ। ਉਨ੍ਹਾ ਦਾ ਬਚਪਨ ਅਤੇ ਜਵਾਨੀ ਉਸ ਦੌਰ ਵਿੱਚ ਬੀਤੀ, ਜਦੋਂ ਮਹਾਨ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਉੱਤੇ ਮੁਗਲ ਜ਼ੁਲਮ ਦਾ ਦੌਰ ਸੀ। ਸਿੱਖ ਜਥੇ ਖੁੱਲ੍ਹੇ ਮੈਦਾਨਾਂ ਦੀ ਥਾਂ ਜੰਗਲਾਂ ਅਤੇ ਪਹਾੜੀਆਂ ਵਿੱਚ ਆਪਣੀ ਤਾਕਤ ਸੰਭਾਲ ਰਹੇ ਸਨ ਅਤੇ ਇਕੱਠੇ ਹੋਣ ਦੇ ਇਸ ਦੌਰ ਨੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਿਆਸੀ ਤਸਵੀਰ ਬਦਲ ਦੇਣੀ ਸੀ।

ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਜੱਸਾ ਸਿੰਘ ਨੇ ਜੰਗੀ ਅਤੇ ਜਥੇਬੰਦਕ ਜੀਵਨ ਵਿੱਚ ਆਪਣੀ ਪਛਾਣ ਬਣਾਈ। ਉਨ੍ਹਾ ਵਿੱਚ ਛੋਟੀ ਉਮਰ ਤੋਂ ਹੀ ਅਗਵਾਈ ਦੇ ਗੁਣ ਨਜ਼ਰ ਆਉਣ ਲੱਗੇ। ਉਹ ਸਿਰਫ਼ ਤਲਵਾਰ ਚਲਾਉਣ ਵਾਲੇ ਯੋਧੇ ਨਹੀਂ ਸਨ, ਸਗੋਂ ਹਾਲਾਤ ਨੂੰ ਪੜ੍ਹਨ, ਦੁਸ਼ਮਣ ਦੀ ਕਮਜ਼ੋਰੀ ਪਛਾਣਨ ਅਤੇ ਵੱਖ-ਵੱਖ ਸਿੱਖ ਜਥਿਆਂ ਨੂੰ ਇੱਕ ਵੱਡੇ ਮਕਸਦ ਲਈ ਇਕੱਠਾ ਕਰਨ ਦੀ ਸਮਰੱਥਾ ਰੱਖਦੇ ਸਨ। 1748 ਵਿੱਚ ਦਲ ਖ਼ਾਲਸਾ ਦੀ ਅਗਵਾਈ ਉਨ੍ਹਾ ਨੂੰ ਮਿਲੀ ਅਤੇ 1754 ਵਿੱਚ ਸਿੱਖ ਪੰਥ ਵੱਲੋਂ ਉਨ੍ਹਾਂ ਨੂੰ 'ਨਵਾਬ' ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ। ਇਹ ਉਪਾਧੀ ਕਿਸੇ ਮੁਗਲ ਦਰਬਾਰ ਦੀ ਬਖ਼ਸ਼ਿਸ਼ ਨਹੀਂ, ਸਗੋਂ ਸਿੱਖ ਪੰਥ ਵੱਲੋਂ ਦਿੱਤਾ ਗਿਆ ਸਨਮਾਨ ਸੀ। ਇਸੇ ਕਰਕੇ 'ਨਵਾਬ ਜੱਸਾ ਸਿੰਘ ਆਹਲੂਵਾਲੀਆ' ਨਾਂਅ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਾਣ ਰੱਖਦਾ ਹੈ।



ਨਾਦਿਰ ਸ਼ਾਹ ਅਤੇ ਬਾਅਦ ਵਿੱਚ ਅਹਿਮਦ ਸ਼ਾਹ ਦੁਰਾਨੀ ਦੇ ਹਮਲਿਆਂ ਦੇ ਸਮੇਂ ਸਿੱਖਾਂ ਨੇ ਜਿਸ ਛਾਪਾਮਾਰ ਜੰਗੀ ਰਣਨੀਤੀ ਨੂੰ ਅਪਣਾਇਆ, ਜੱਸਾ ਸਿੰਘ ਉਸ ਦੇ ਪ੍ਰਮੁੱਖ ਆਗੂਆਂ ਵਿੱਚੋਂ ਸਨ। ਤੇਜ਼ ਹਮਲਾ, ਦੁਸ਼ਮਣ ਦੀ ਵਾਪਸੀ ਵੇਲੇ ਪਿੱਛਾ ਅਤੇ ਮੌਕਾ ਮਿਲਦੇ ਹੀ ਅਚਾਨਕ ਵਾਰ ਇਹ ਰਣਨੀਤੀ ਵੱਡੀਆਂ ਅਫ਼ਗਾਨ ਫੌਜਾਂ ਲਈ ਪੰਜਾਬ ਵਿੱਚ ਸਥਾਈ ਕਬਜ਼ਾ ਕਾਇਮ ਕਰਨਾ ਮੁਸ਼ਕਲ ਬਣਾਉਂਦੀ ਰਹੀ। ਸਿੱਖ ਤਾਕਤ ਦਾ ਇਹ ਜੰਗੀ ਢੰਗ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਸਿਆਸਤ ਉੱਤੇ ਡੂੰਘਾ ਅਸਰ ਪਾਉਣ ਵਾਲਾ ਸੀ।

1758 ਵਿੱਚ ਮਰਾਠਿਆਂ ਨਾਲ ਸਹਿਯੋਗ ਕਰਦਿਆਂ ਸਿੱਖ ਤਾਕਤ ਨੇ ਲਾਹੌਰ ਅਤੇ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਆਪਣਾ ਪ੍ਰਭਾਵ ਵਧਾਇਆ। ਇਹ ਉਹ ਮੋੜ ਸੀ, ਜਦੋਂ ਸਪੱਸ਼ਟ ਹੋਣ ਲੱਗਾ ਕਿ ਸਿੱਖ ਹੁਣ ਸਿਰਫ਼ ਜੰਗਲਾਂ ਅਤੇ ਪਹਾੜੀਆਂ ਤੱਕ ਸੀਮਤ ਤਾਕਤ ਨਹੀਂ ਰਹੇ। 1761 ਵਿੱਚ ਲਾਹੌਰ ਉੱਤੇ ਸਿੱਖ ਕਬਜ਼ਾ ਅਤੇ 1764 ਵਿੱਚ ਸਰਹਿੰਦ ਦੀ ਜਿੱਤ ਇਸ ਉਭਰਦੀ ਤਾਕਤ ਦੇ ਮਹੱਤਵਪੂਰਨ ਪੜਾਅ ਸਨ। ਸਰਹਿੰਦ ਦੀ ਜਿੱਤ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਰੱਖਦੀ ਸੀ, ਕਿਉਂਕਿ ਇਹ ਉਹੀ ਧਰਤੀ ਸੀ, ਜਿਸ ਨਾਲ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਦੀ ਯਾਦ ਜੁੜੀ ਹੋਈ ਸੀ। ਇਸ ਜਿੱਤ ਨਾਲ ਸਿੱਖਾਂ ਦੀ ਸਿਆਸੀ ਪਕੜ ਹੋਰ ਮਜ਼ਬੂਤ ਹੋਈ ਅਤੇ ਉਨ੍ਹਾਂ ਦੀਆਂ ਮੁਹਿੰਮਾਂ ਪੰਜਾਬ ਤੋਂ ਅੱਗੇ ਤੱਕ ਪਹੁੰਚਣ ਲੱਗੀਆਂ।

ਇਸੇ ਦੌਰ ਵਿੱਚ ਆਹਲੂਵਾਲੀਆ ਮਿਸਲ ਇੱਕ ਮਹੱਤਵਪੂਰਨ ਸਿੱਖ ਸਿਆਸੀ ਤਾਕਤ ਵਜੋਂ ਉਭਰੀ। ਕਪੂਰਥਲਾ ਖੇਤਰ ਉੱਤੇ ਕਬਜ਼ੇ ਤੋਂ ਬਾਅਦ ਇਹ ਇਲਾਕਾ ਆਹਲੂਵਾਲੀਆ ਤਾਕਤ ਦਾ ਮਹੱਤਵਪੂਰਨ ਕੇਂਦਰ ਬਣਿਆ ਅਤੇ ਕਪੂਰਥਲਾ ਮਿਸਲ ਦੀ ਰਾਜਧਾਨੀ ਵਜੋਂ ਵਿਕਸਤ ਹੋਇਆ।

1783 ਦਾ ਦਿੱਲੀ ਅਭਿਆਨ ਖ਼ਾਲਸੇ ਦੀ ਚੜ੍ਹਤ ਦਾ ਇੱਕ ਇਤਿਹਾਸਕ ਪ੍ਰਤੀਕ ਬਣਿਆ। ਦਲ ਖ਼ਾਲਸਾ ਦਿੱਲੀ ਵਿੱਚ ਦਾਖ਼ਲ ਹੋਇਆ ਅਤੇ ਲਾਲ ਕਿਲ੍ਹੇ ਤੱਕ ਪਹੁੰਚਿਆ। ਇਹ ਉਹੀ ਖ਼ਾਲਸਾ ਸੀ, ਜਿਸ ਨੂੰ ਕੁਝ ਦਹਾਕੇ ਪਹਿਲਾਂ ਪੰਜਾਬ ਦੇ ਜੰਗਲਾਂ ਵਿੱਚ ਆਪਣੀ ਜਾਨ ਬਚਾਉਣ ਲਈ ਲੜਨਾ ਪੈਂਦਾ ਸੀ। ਹੁਣ ਉਸ ਦੀ ਤਾਕਤ ਮੁਗਲ ਸਾਮਰਾਜ ਦੇ ਕੇਂਦਰ ਦਿੱਲੀ ਦੇ ਦਰਵਾਜ਼ਿਆਂ ਤੱਕ ਪਹੁੰਚ ਚੁੱਕੀ ਸੀ। ਇਹ ਸਿਰਫ਼ ਇੱਕ ਸੈਨਿਕ ਮੁਹਿੰਮ ਨਹੀਂ ਸੀ, ਸਗੋਂ ਉਸ ਵੱਡੀ ਸਿਆਸੀ ਤਬਦੀਲੀ ਦਾ ਪ੍ਰਤੀਕ ਸੀ, ਜਿਸ ਵਿੱਚ ਖ਼ਾਲਸਾ ਬਚਾਅ ਦੀ ਤਾਕਤ ਤੋਂ ਅੱਗੇ ਵਧ ਕੇ ਸਿਆਸੀ ਦਾਅਵੇਦਾਰੀ ਵਾਲੀ ਤਾਕਤ ਬਣ ਚੁੱਕਾ ਸੀ।

23 ਅਕਤੂਬਰ 1783 ਨੂੰ ਨਵਾਬ ਜੱਸਾ ਸਿੰਘ ਆਹਲੂਵਾਲੀਆ ਦਾ ਦੇਹਾਂਤ ਹੋ ਗਿਆ। ਉਨ੍ਹਾ ਦੇ ਜਾਣ ਨਾਲ ਇੱਕ ਯੁੱਗ ਦਾ ਅੰਤ ਹੋਇਆ, ਪਰ ਉਨ੍ਹਾ ਦੀ ਵਿਰਾਸਤ ਪੰਜਾਬ ਦੀ ਸਿਆਸੀ ਅਤੇ ਸਿੱਖ ਇਤਿਹਾਸਕ ਚੇਤਨਾ ਵਿੱਚ ਜੀਵੰਤ ਰਹੀ। ਉਨ੍ਹਾ ਦੀ ਯਾਦ ਵਿੱਚ ਵੱਖ-ਵੱਖ ਸੰਸਥਾਵਾਂ, ਸਿੱਖਿਆ ਸੰਸਥਾਵਾਂ ਅਤੇ ਯਾਦਗਾਰੀ ਸਥਾਨ ਬਣਾਏ ਗਏ ਹਨ ਅਤੇ ਭਾਰਤ ਸਰਕਾਰ ਵੱਲੋਂ ਵੀ ਉਨ੍ਹਾ ਦੀ ਯਾਦ ਵਿੱਚ ਡਾਕ ਟਿਕਟ ਜਾਰੀ ਕੀਤੀ ਗਈ ਹੈ।

**# ਸੰਪਰਕ : 90412-95900**

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਖੁਸ਼ਮਿਜ਼ਾਜ ਟਰੇਡ ਯੂਨੀਅਨਿਸਟ ਤੇ ਮਿਸਾਲੀ ਕਮਿਊਨਿਸਟ ਕਾਮਰੇਡ ਜਸਵੰਤ ਸਿੰਘ ਸੰਧੂ

**ਹਰਿੰਦਰ ਸਿੰਘ ਰੰਧਾਵਾ**



ਥੀਨ ਡੈਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਕਾਮਰੇਡ ਜਸਵੰਤ ਸਿੰਘ ਸੰਧੂ ਮਿਤੀ 13 ਅਕਤੂਬਰ 2026 ਦੀ ਰਾਤ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਕਾਮਰੇਡ ਜਸਵੰਤ ਸਿੰਘ ਸੰਧੂ ਦਾ ਜਨਮ ਮਿਤੀ 11-06-1962 ਨੂੰ ਮਾਤਾ ਗੁਰਬਚਨ ਕੌਰ ਦੀ ਕੁੱਖੋਂ, ਪਿਤਾ ਕਰਨੈਲ ਸਿੰਘ ਦੇ ਘਰ, ਪਿੰਡ ਮੰਗੀਆਂ, ਨੇੜੇ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ ਸੀ। ਇਨ੍ਹਾਂ ਦੇ ਵੱਡੇ ਭਰਾ ਸਿੰਘ ਸੰਧੂ ਉਨ੍ਹਾਂ ਨੂੰ ਆਪਣੇ ਨਾਲ ਗੰਗੂਵਾਲ ਲੈ ਗਏ। ਭਾਅ ਜੀ ਗੁਰਮੁਖ ਸਿੰਘ ਉੱਥੇ ਬਿਜਲੀ ਬੋਰਡ 'ਚ ਮੁਲਾਜ਼ਮ ਸਨ। ਉਨ੍ਹਾਂ ਨੇ ਜਸਵੰਤ ਸਿੰਘ ਸੰਧੂ ਨੂੰ ਉਦੋਂ ਬਣ ਰਹੇ ਸ੍ਰੀ ਅਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ 'ਚ ਬਤੌਰ ਵੈਲਡਰ ਨੌਕਰੀ 'ਤੇ ਲਵਾ ਦਿੱਤਾ।

ਕਾਮਰੇਡ ਜਸਵੰਤ ਸਿੰਘ ਸੰਧੂ ਨਾਲ ਮੇਰਾ ਰਾਬਤਾ ਸਾਲ 1982 'ਚ ਨੰਗਲ ਵਿਖੇ ਸ੍ਰੀ ਅਨੰਦਪੁਰ ਸਾਹਿਬ ਹਾਈਡਲ ਪ੍ਰੋਜੈਕਟ ਵਰਕਰਜ਼ ਯੂਨੀਅਨ ਵੱਲੋਂ ਲਾਏ ਗਏ ਧਰਨੇ 'ਚ ਹੋਇਆ ਸੀ। ਅਸੀਂ ਦੋਵੇਂ ਯੂਨੀਅਨ 'ਚ ਪੂਰੀ ਸਰਗਰਮੀ ਨਾਲ ਕੰਮ ਕਰਨ ਲੱਗ ਪਏ ਸਾਂ। 30 ਜੂਨ 1985 ਨੂੰ ਪੰਜਾਬ ਸਰਕਾਰ ਨੇ 6600 ਵਰਕਰਾਂ ਦੀ ਛਾਂਟੀ ਦੇ ਹੁਕਮ ਜਾਰੀ ਕਰ ਦਿੱਤੇ ਸਨ। ਗੰਗੂਵਾਲ ਤੇ ਨੰਗਲ ਪੁਲਸ ਨੇ ਨੌਕਰੀ ਦੀ ਬਹਾਲੀ ਲਈ ਸੰਘਰਸ਼ ਲੜ ਰਹੇ ਮਜ਼ਦੂਰਾਂ 'ਤੇ ਬੇਤਹਾਸ਼ਾ ਲਾਠੀਜਾਰਜ ਕੀਤਾ ਸੀ ਅਤੇ ਆਗੂਆਂ ਦੇ ਸਿਰ ਕੇਸ ਮੜ੍ਹ ਕੇ ਉਨ੍ਹਾਂ ਨੂੰ ਪਟਿਆਲਾ ਜੇਲ੍ਹ 'ਚ ਭੇਜ ਦਿੱਤਾ ਸੀ। ਵਰਕਰਾਂ ਨੂੰ ਧੱਕੇ ਨਾਲ ਛਾਂਟੀ ਦੇ ਨੋਟਿਸ ਦੇ ਦਿੱਤੇ ਗਏ ਸਨ। ਪਿੱਛੋਂ ਲੰਮੇ ਘੋਲ ਦੇ ਦਬਾਅ ਸਦਕਾ ਸਰਕਾਰ ਨਾਲ ਹੋਏ ਸਮਝੌਤੇ ਦੇ ਸਿੱਟੇ ਵਜੋਂ ਛਾਂਟੀ ਕੀਤੇ ਗਏ ਵਰਕਰਾਂ ਨੂੰ ਥੀਨ ਡੈਮ (ਰਣਜੀਤ ਸਾਗਰ ਡੈਮ) 'ਚ ਐਡਜਸਟ ਕਰਨ ਦਾ ਵਾਅਦਾ ਕੀਤਾ ਅਤੇ ਉਸ ਸਮੇਂ ਸਾਡਾ ਦੋਹਾਂ ਦਾ ਟਰੇਡ ਯੂਨੀਅਨ ਆਗੂ ਨੱਥਾ ਸਿੰਘ ਨਾਲ ਮੇਲ ਹੋਇਆ ਤੇ ਅਸੀਂ ਮੁੜ ਸਰਗਰਮੀ ਸ਼ੁਰੂ ਕਰ ਦਿੱਤੀ। ਫਰਵਰੀ 1986 ਵਿਚ ਥੀਨ ਡੈਮ ਵਿਖੇ ਦੁਬਾਰਾ ਵੈਲਡਰ ਦੀ ਨੌਕਰੀ ਮਿਲ ਗਈ ਸੀ। ਨੌਕਰੀ ਮਿਲਦੇ ਸਾਰ ਹੀ ਸਾਨੂੰ ਦੋਨਾਂ ਨੂੰ ਇੱਥੋਂ ਦੇ ਹਰਮਨ ਪਿਆਰੇ ਆਗੂ ਸਾਥੀ ਨੱਥਾ ਸਿੰਘ ਦਾ ਸਾਥ ਮਿਲ ਗਿਆ ਸੀ। ਲਿਹਾਜਾ ਅਸੀਂ ਥੀਨ ਡੈਮ ਵਰਕਰਜ਼ ਯੂਨੀਅਨ ਦੀਆਂ ਸਾਰੀਆਂ ਸਰਗਰਮੀਆਂ 'ਚ ਬੜੀ ਸ਼ਿੱਦਤ ਨਾਲ ਭਾਗ ਲੈਣਾ ਸ਼ੁਰੂ ਕਰ ਦਿੱਤਾ।

20-08-1987 ਨੂੰ ਥੀਨ ਡੈਮ ਹੜਤਾਲ 7 ਦਿਨ ਜਾਰੀ ਰਹੀ ਸੀ। ਅੰਤ ਮੈਨੇਜਮੈਂਟ ਨੂੰ ਯੂਨੀਅਨਾਂ ਨਾਲ ਸਮਝੌਤਾ ਕਰਨਾ ਪਿਆ। ਇਸ ਤਰ੍ਹਾਂ ਮੈਨੇਜਮੈਂਟ ਨੂੰ ਵਰਕਰਾਂ ਦੀਆਂ ਕੁੱਝ ਮੰਗਾਂ ਮੰਨਣ ਲਈ ਮਜਬੂਰ ਕੀਤਾ ਗਿਆ ਸੀ।

ਮਿਤੀ 28-08-1991 ਨੂੰ ਜਦੋਂ ਯੂਨੀਅਨ ਵੱਲੋਂ ਚੀਫ ਇੰਜੀਨੀਅਰ ਦੇ ਦਫਤਰ ਅੱਗੇ ਧਰਨਾ ਦਿੱਤਾ ਜਾ ਰਿਹਾ ਸੀ ਤਾਂ ਉਦੋਂ ਤਹਿਸੀਲਦਾਰ ਰਾਮ ਲਾਲ ਨੇ ਧਰਨੇ ਤੇ ਬੈਠੇ ਮਜ਼ਦੂਰਾਂ ਤੇ ਅੰਨੇਵਾਹ ਲਾਠੀਚਾਰਜ ਕਰਵਾ ਦਿੱਤਾ ਸੀ। ਸਾਥੀ ਨੱਥਾ ਸਿੰਘ ਤੇ ਜਸਵੰਤ ਸਿੰਘ ਸਮੇਤ 24 ਸਾਥੀਆਂ ਨੂੰ ਝੂਠੇ ਕੇਸਾਂ ਚ ਫਸਾ ਕੇ ਗੁਰਦਾਸਪੁਰ ਜੇਲ੍ਹ ਚ ਭੇਜ ਦਿੱਤਾ ਗਿਆ ਸੀ। ਸਾਰੇ ਸਾਥੀ 24 ਦਿਨ ਜੇਲ੍ਹ ਚ ਰਹਿਣ ਪਿੱਛੋਂ ਜਮਾਨਤ ਤੇ ਰਿਹਾ ਹੋਏ ਸਨ।

ਫਿਰ ਉਹ ਲਗਾਤਾਰ ਚਾਰ ਸਾਲ ਤੱਕ ਨੌਕਰੀ ਤੋਂ ਮੁਅੱਤਲ ਰਹੇ ਸਨ। ਇਸ ਸਮੇਂ ਦੌਰਾਨ ਯੂਨੀਅਨ ਨੇ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਸਨ। ਵਾਰੀ ਡੱਟ ਕੇ ਕੰਮ ਕੀਤਾ ਸੀ। ਸਾਲ 1995 ਚ ਯੂਨੀਅਨ ਨੇ ਸਿਰੜੀ ਘੋਲ ਲੜ ਕੇ 1406 ਡੇਲੀਵੇਜ਼ ਵਰਕਰਾਂ ਨੂੰ ਵਰਕਚਾਰਜ ਬਣਵਾਇਆ ਸੀ। ਸਾਲ 1996 ਚ ਯੂਨੀਅਨ ਨੇ ਅਜ਼ਾਦਾਨਾ ਤੇ ਜਾਇੰਟ ਐਕਸ਼ਨ ਕਮੇਟੀ ਗਠਿਤ ਕਰਕੇ ਵਰਕਰਾਂ ਨੂੰ ਪੱਕੇ ਕਰਾਉਣ ਦਾ ਘੋਲ ਵਿੱਢਿਆ ਜਿਸ ਚ ਕਾਮਰੇਡ ਜਸਵੰਤ ਸਿੰਘ ਸੰਧੂ ਦਾ ਅਹਿਮ ਰੋਲ ਰਿਹਾ ਸੀ।

ਅੰਤ ਮਿਤੀ 13-03-1996 ਨੂੰ ਸਰਕਾਰ ਨੂੰ ਝੁਕਣਾ ਪਿਆ ਸੀ ਅਤੇ ਇਕੋ ਹੀ ਦਿਨ 13578 ਵਰਕਰ ਰੈਗੂਲਰ ਕਰਨੇ ਪਏ ਸਨ। ਇਹ ਇੱਕ ਲਾਮਿਸਾਲ ਇਤਿਹਾਸਕ ਪ੍ਰਾਪਤੀ ਹੋ ਨਿੱਬੜੀ ਸੀ। ਮਿਤੀ 17-04-2023 ਨੂੰ ਪੰਜਾਬ ਸਰਕਾਰ ਨੇ ਬਿਨਾ ਕਿਸੇ ਕਾਰਨ ਡੈਮ ਤੇ ਕੰਮ ਕਰਦੇ 32 ਔਸਤੀ ਵਰਕਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ। ਕਾਮਰੇਡ ਜਸਵੰਤ ਸਿੰਘ ਸੰਧੂ ਦੀ ਰਹਿਨੁਮਾਈ ਹੇਠ ਲਗਾਤਾਰ ਇਕ ਸਾਲ ਪੱਕਾ ਮੋਰਚਾ ਮੱਲ ਕੇ ਘੋਲ ਲੜਿਆ ਗਿਆ, ਜਿਸ ਸਦਕਾ ਸਰਕਾਰ ਨੂੰ ਸਾਰੇ ਵਰਕਰ ਨੌਕਰੀ 'ਤੇ ਵਾਪਸ ਲੈਣੇ ਪਏ ਸਨ।ਅਜੇ ਪਿਛਲੇ ਸਾਲ ਹੀ ਸ਼ਾਹਪੁਰ ਕੰਢੀ ਦੇ ਰਹਿ ਗਏ ਔਸਤੀਆਂ ਵੱਲੋਂ ਵੀ ਨੌਕਰੀ ਦੀ ਪ੍ਰਾਪਤੀ ਲਈ ਚੀਫ ਇੰਜੀਨੀਅਰ ਦੇ ਦਫਤਰ ਅੱਗੇ ਲਗਾਤਾਰ ਇੱਕ ਸਾਲ ਤੋਂ ਵੱਧ ਸਮਾਂ ਧਰਨਾ ਦਿੱਤਾ ਗਿਆ ਸੀ। ਇਹ ਧਰਨਾ ਸਰਕਾਰ ਤੇ ਪ੍ਰਬੰਧਕਾਂ ਵੱਲੋਂ ਭਰੋਸਾ ਦਿੱਤੇ ਜਾਣ ਪਿੱਛੋਂ ਮੁਲਤਵੀ ਕਰ ਦਿੱਤਾ ਗਿਆ ਸੀ।

ਕਾਮਰੇਡ ਜਸਵੰਤ ਸਿੰਘ ਸੰਧੂ ਮੁਲਾਜ਼ਮਾਂ ਦੇ ਹਰ ਘੋਲ 'ਚ ਲਗਾਤਾਰ ਸਰਗਰਮ ਰਿਹਾ ਸੀ। ਕਾਮਰੇਡ ਜਸਵੰਤ ਸਿੰਘ ਸੰਧੂ ਸੀ.ਟੀ.ਯੂ. ਪੰਜਾਬ ਦੀ ਪਠਾਨਕੋਟ ਜ਼ਿਲ੍ਹਾ ਕਮੇਟੀ ਦਾ ਪ੍ਰਧਾਨ ਅਤੇ ਸੂਬਾਈ ਮੀਤ ਪ੍ਰਧਾਨ ਸਨ। ਆਪ ਪਹਿਲਾਂ ਸੀ ਪੀ ਐੱਮ ਪੰਜਾਬ ਅਤੇ ਪਿੱਛੋਂ ਭਾਰਤੀ ਇਨਕਲਾਬੀ ਮਾਰਸਵਾਦੀ ਪਾਰਟੀ (ਆਰ. ਐੱਮ. ਪੀ. ਆਈ.) ਦੇ ਸਥਾਪਨਾ ਕਰਨ ਵਾਲਿਆਂ 'ਚੋਂ ਸਨ। ਵਰਤਮਾਨ ਸਮੇਂ ਉਹ ਪਾਰਟੀ ਦੀ ਪੰਜਾਬ ਰਾਜ ਕਮੇਟੀ ਦੇ ਮੈਂਬਰ ਸਨ। ਆਪ ਸਾਲ 1999 ਤੋਂ ਲਗਾਤਾਰ ਕੰਸਟਰਕਸ਼ਨ ਵਰਕਰਜ਼ ਫੈਡਰੇਸ਼ਨ ਆਫ ਇੰਡੀਆ ਦੀ ਆਲ ਇੰਡੀਆ ਵਰਕਿੰਗ ਕਮੇਟੀ ਦੇ ਮੈਂਬਰ ਚੱਲੇ ਆ ਰਹੇ ਸਨ। ਸਾਥੀ ਜਸਵੰਤ ਸਿੰਘ ਸੰਧੂ ਨੇ ਪੰਜਾਬ ਨਿਰਮਾਣ ਯੂਨੀਅਨ ਦੇ ਗਠਨ ਅਤੇ ਮਜ਼ਬੂਤੀ ਲਈ ਵੀ ਸ਼ਾਨਦਾਰ ਯੋਗਦਾਨ ਪਾਇਆ ਸੀ। ਇਸੇ ਸਾਲ 22-23 ਅਗਸਤ ਨੂੰ ਕੰਸਟ੍ਰਕਸ਼ਨ ਵਰਕਰਜ਼ ਫੈਡਰੇਸ਼ਨ ਆਫ ਇੰਡੀਆ ਦੀ ਕੌਮੀ ਵਰਕਿੰਗ ਕਮੇਟੀ ਦੀ 72ਵੀਂ ਮੀਟਿੰਗ ਸ਼ਾਹਪੁਰ ਕੰਢੀ ਵਿਚਲੇ ਸ਼ਹੀਦ ਰਾਮ ਸਿੰਘ ਪਠਾਨੀਆ ਕਿਰਤੀ ਕੇਂਦਰ (ਪਠਾਨਕੋਟ), ਜ਼ਿਲ੍ਹਾ ਦਫਤਰ ਥੀਨ ਡੈਮ ਵਰਕਰਜ਼ ਯੂਨੀਅਨ ਵਿਖੇ ਹੋਈ ਸੀ। ਇਸ ਮੀਟਿੰਗ ਦੀ ਲਾਮਿਸਾਲ ਕਾਮਯਾਬੀ ਲਈ ਸਾਥੀ ਜਸਵੰਤ ਸਿੰਘ ਸੰਧੂ ਖਰਾਬ ਸਿਹਤ ਦੇ ਬਾਵਜੂਦ ਕਈ ਹਫਤਾ ਲਗਾਤਾਰ ਜੁਟੇ ਰਹੇ ਸਨ। ਕਮਜ਼ੋਰ ਸਿਹਤ ਦੇ ਬਾਵਜੂਦ ਉਨ੍ਹਾਂ ਦੀ ਹਿੰਮਤ ਤੇ ਜੋਸ਼ ਦੀ ਕਦੀ ਕੋਈ ਘਾਟ ਨਹੀਂ ਸੀ ਆਈ। ਉਨ੍ਹਾਂ

20-21 ਸਤੰਬਰ 2026 ਨੂੰ ਜਲੰਧਰ ਵਿਖੇ ਹੋਈ ਕੁਲ ਹਿੰਦ ਕਿਸਾਨ ਮਹਾਂਸਭਾ ਦੀ ਪੰਜਵੀਂ ਕੌਮੀ ਕਾਨਫਰੰਸ ਅਤੇ 20 ਸਤੰਬਰ ਨੂੰ ਹੋਈ ਸੂਬਾ ਪੱਧਰ ਦੀ ਕਿਸਾਨ-ਮਜ਼ਦੂਰ ਏਕਤਾ ਰੈਲੀ ਦੀ ਤਿਆਰੀ ਲਈ ਲਗਾਤਾਰ ਦਿਨ-ਰਾਤ ਇਕ ਕੀਤਾ ਸੀ। ਇਹੋ ਨਹੀਂ, ਲਗਾਤਾਰ ਚਾਰ ਦਿਨ ਵਲੰਟੀਅਰ ਵਜੋਂ ਵੀ ਸ਼ਾਨਦਾਰ ਕਾਰਜ ਕੀਤਾ ਸੀ। ਕਾਮਰੇਡ ਜਸਵੰਤ ਸਿੰਘ ਸੰਧੂ ਦੇ ਵਿਛੋੜੇ ਨਾਲ ਜਿੱਥੇ ਪਰਵਾਰ, ਰਿਸ਼ਤੇਦਾਰਾਂ, ਦੋਸਤਾਂ, ਸੰਬੰਧੀਆਂ ਨੂੰ ਬੜਾ ਵੱਡਾ ਘਾਟਾ ਪਿਆ ਹੈ, ਉਥੇ ਪਾਰਟੀ, ਖੱਬੀ ਲਹਿਰ ਅਤੇ ਮਜ਼ਦੂਰ ਅੰਦੋਲਨ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਮੇਰਾ ਉਨ੍ਹਾਂ ਨਾਲ ਲਗਾਤਾਰ 44 ਸਾਲ ਸਾਥ ਰਿਹਾ, ਜੋ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ।

**# ਸੰਪਰਕ : 96469-12515**

# ਪਾਠਕ-ਸੱਥ

## ਡਿਜੀਟਲ ਪੇਮੈਂਟ ਨੂੰ ਚੁਣੌਤੀਆਂ

ਅਜੋਕਾ ਸਮਾਂ ਤਕਨੀਕ ਦਾ ਸਮਾਂ ਹੈ, ਹਰ ਰੋਜ਼ ਨਵੀਂ ਤਕਨੀਕ ਵਿਕਸਿਤ ਹੋ ਰਹੀ ਹੈ।ਰਾਤ ਨੂੰ ਰੋਟੀ ਖਾ ਕੇ ਸੌਂਦੇ ਹਾਂ, ਸਵੇਰੇ ਕਿਸੇ ਨਵੀਂ ਤਕਨੀਕ ਦੇ ਵਿਕਸਿਤ ਹੋਣ ਦੀ ਖ਼ਬਰ ਸੁਣਾਈ ਦਿੰਦੀ ਹੈ।ਭਾਰਤੀ ਰੁਪਏ ਨੇ ਇਤਿਹਾਸ ਤੋਂ ਲੈ ਕੇ ਹੁਣ ਤੱਕ ਅਥਾਹ ਤਰੱਕੀ ਕੀਤੀ।

ਇਸ ਦੇ ਰੂਪ ਬਦਲੇ।ਨੋਟ ਵੀ ਆਏ, ਢਾਲੇ ਵੀ ਆਏ ਅਤੇ ਹੁਣ ਡਿਜੀਟਲ ਪੇਮੈਂਟ ਅਜਿਹਾ ਰੂਪ ਹੈ ਜੋ ਬਿਨਾਂ ਸਪਰਸ਼ ਦੇ ਪੈਸਿਆਂ ਦੀ ਕਥਾ ਨੂੰ ਬਿਆਨ ਕਰਦਾ ਹੈ।ਨੋਟਬੰਦੀ ਤੋਂ ਬਾਅਦ ਭਾਰਤੀ ਅਰਥਚਾਰੇ ਵਿੱਚ ਬਹੁਤ ਬਦਲਾਵ ਆਇਆ। ਸਰਕਾਰ ਅਤੇ ਬੈਂਕਾਂ ਨੇ ਲੋਕਾਂ ਨੂੰ ਡਿਜੀਟਲ ਤਰੀਕੇ ਰਾਹੀਂ ਲੈਣ ਦੇਣ ਕਰਨ ਦਾ ਸੁਝਾਅ ਦਿੱਤਾ। ਪਿਛਲੇ ਕੁੱਝ ਸਾਲਾਂ ਤੋਂ ਇਸੇ ਤਰ੍ਹਾਂ ਚਲ ਰਿਹਾ ਸੀ। ਜੇਕਰ ਕੋਈ ਨਕਦ ਲੈਣਾ ਚਾਹੇ ਤਾਂ ਉਹ ਨਕਦ ਭੁਗਤਾਨ ਕਰ ਦਿੰਦਾ ਹੈ, ਨਹੀਂ ਤਾਂ ਇੱਕ ਕਲਿੱਕ ਨਾਲ ਪੈਸੇ ਟਰਾਂਸਫਰ ਹੋ ਜਾਂਦੇ ਹਨ। ਲੋਕਾਂ ਨੇ ਬੈਂਕਾਂ ਵਿੱਚ ਜਾਣਾ ਛੱਡ ਦਿੱਤਾ ਹੈ।ਖਾਤੇ ਵਿੱਚ ਤਨਖਾਹ ਆ ਜਾਂਦੀ ਅਤੇ ਕਰਮਚਾਰੀ ਕਿਤੇ ਵੀ ਡਿਜੀਟਲ ਤਰੀਕੇ ਨਾਲ ਪੇਮੈਂਟ ਕਰ ਦਿੰਦਾ।ਸਰਕਾਰੀ ਮੁਲਾਜ਼ਮ ਤੋਂ ਲੈ ਕੇ ਦਿਹਾੜੀਦਾਰ ਅਤੇ ਭੱਠਾ ਮਜ਼ਦੂਰ ਵੀ ਆਨਲਾਈਨ ਪੇਮੈਂਟ ਕਰਨ ਲੱਗੇ।ਆਮ ਲੋਕਾਂ ਨੂੰ ਇਹ ਸਭ ਸੌਖਾ ਹੋਣ ਕਰਕੇ ਅਰਾਮ ਮਹਿਸੂਸ ਹੋ ਰਿਹਾ ਸੀ।ਗੂਗਲ ਪੇਅ ਅਤੇ ਸਕੈਨਰ ਕਰਿਆਨਾ ਦੀਆਂ ਦੁਕਾਨਾਂ ਅਤੇ ਚਾਹ ਦਿਆਂ ਖੋਖਿਆਂ 'ਤੇ ਪਏ ਆਮ ਦੇਖੇ ਜਾ ਸਕਦੇ ਹਨ ਪ੍ਰੰਤੂ ਸਰਕਾਰ ਦੀਆਂ ਨਵੀਆਂ ਹਦਾਇਤਾਂ ਕਿ ਆਨਲਾਈਨ ਭੁਗਤਾਨ 'ਤੇ ਹੁਣ ਇੱਕ ਸੀਮਾ ਤੋਂ ਬਾਅਦ ਚਾਰਜ ਵਸੂਲੇ ਜਾਣਗੇ, ਇਸ ਖ਼ਬਰ ਨੇ ਇੱਕ ਵਾਰ ਫ਼ਿਰ ਆਮ ਆਦਮੀ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਹੈ। ਖ਼ਬਰਾਂ ਸੁਣਨ ਵਿੱਚ ਆ ਰਹੀਆਂ ਹਨ ਕਿ ਪੈਟਰੋਲ ਪੰਪ ਮਾਲਕਾਂ ਅਤੇ ਵਪਾਰੀਆਂ ਵੱਲੋਂ ਤਾਂ ਡਿਜੀਟਲ ਪੇਮੈਂਟ ਤੋਂ ਕਿਨਾਰਾ ਕਰਕੇ ਨਕਦੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ।ਗੱਲ ਬਿਲਕੁਲ ਸਾਫ਼ ਹੈ ਕਿ ਲੋਕਾਂ ਦਾ ਅੱਜ ਵੀ ਨਕਦੀ ਤੇ ਵਿਸ਼ਵਾਸ ਹੈ ਅਤੇ ਉਹ ਨਕਦ ਲੈਣ ਦੇਣ ਨੂੰ ਤਰਜੀਹ ਦੇ ਰਹੇ ਹਨ। ਡਿਜੀਟਲ ਪੇਮੈਂਟ ਨੂੰ ਅੱਜ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸਾਈਬਰ ਕ੍ਰਾਈਮ ਦੀਆਂ ਜੜ੍ਹਾਂ ਡੂੰਘੀਆਂ ਹੋ ਰਹੀਆਂ ਹਨ ਜੋ ਇੱਕ ਸੈਕਿੰਡ ਵਿੱਚ ਬੈਂਕ ਖਾਤਿਆਂ ਨੂੰ ਖ਼ਾਲੀ ਕਰ ਰਹੇ ਹਨ। ਅਜਿਹੇ ਸਮੇਂ ਚੌਕਸੀ ਅਤੇ ਸਾਵਧਾਨੀ ਹੀ ਇੱਕੋ ਇੱਕ ਹੱਲ ਹੈ। ਜੇਕਰ ਸਰਕਾਰ ਸੱਚਮੁੱਚ ਹੀ ਡਿਜੀਟਲ ਪੇਮੈਂਟ ਨੂੰ ਹੁਲਾਰਾ ਦੇਣਾ ਚਾਹੁੰਦੀ ਹੈ ਤਾਂ ਇਸ ਨੂੰ ਦਰਪੇਸ਼ ਚੁਣੌਤੀਆਂ ਅਤੇ ਲੋਕਾਂ ਦੀਆਂ ਸਮੱਸਿਆਂਵਾਂ ਦਾ ਵੀ ਸਮੇਂ ਸਿਰ ਹੱਲ ਕਰਨਾ ਹੋਵੇਗਾ ਤਾਂ ਜੋ ਆਮ ਆਦਮੀ ਦਾ ਦੇਸ਼ ਦੀ ਅਰਥ-ਵਿਵਸਥਾ ਅਤੇ ਬੈਂਕਾਂ 'ਤੇ ਵਿਸ਼ਵਾਸ ਬਣਿਆ ਰਹੇ।

**-ਰਜਵਿੰਦਰ ਪਾਲ ਸ਼ਰਮਾ, 70873-67969**

